ੴ

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ
ਮੁੱਲ : 10 ਰੁਪਏ □ ਦਸੰਬਰ 1997



ਸੰਪਾਦਕ (ਆਨਰੇਰੀ)

ਡਾ. ਜਾਗੀਰ ਸਿੰਘ

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 12 ਸਾਲ ਨੌਵਾਂ ਦਸੰਬਰ 1997



ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਗੁਰੂ ਤੇਗ ਬਹਾਦਰ ਜੀ
-ਡਾ. ਤਾਰਨ ਸਿੰਘ 4

ਗੁਰੂ ਗ੍ਰੰਥ ਸਾਹਿਬ ਤੇ ਰਾਗ
-ਪ੍ਰੋ. ਚੰਨਣ ਸਿੰਘ ਨਿਰਮਲ 6

ਆਸਟ੍ਰੇਲੀਆ ਵਿੱਚ ਇੱਕ ਅਨੰਦ-ਕਾਰਜ
-ਡਾ. ਜਾਗੀਰ ਸਿੰਘ 8

ਉਸਤਾਦ ਮਾਸਟਰ ਰਤਨ ਦੀ ਗਾਇਕੀ ਤੇ ਇਕ ਝਾਤ
-ਸ੍ਰ. ਪਰਗਟ ਸਿੰਘ ਨਿਊਯਾਰਕ* 10

ਇੱਕੀਵੀਂ ਸਦੀ ਅਤੇ ਸਿੱਖ ਪੰਥ ਦਾ ਭਵਿੱਖ
-ਕੁਲਦੀਪ ਸਿੰਘ, ਨਿਊਯਾਰਕ 14

ਅੰਮ੍ਰਿਤ ਕੀਰਤਨ ਅੰਤੇ ਕੀਰਤਨ ਸਿਖਲਾਈ 17

ਪੁਸਤਕ ਸਮੀਖਿਆ : ਸਹਜ ਧੁਨਿ ਬਾਰੇ
-ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆ 20

ਪ੍ਰਸ਼ਨਾਵਲੀ 21

ਉਸਤਾਦ ਅਲੀ ਅਕਬਰ ਖਾ ਨੂੰ ਅਮਰੀਕੀ ਪੁਰਸਕਾਰ
-ਹਰਚਰਨ ਸਿੰਘ 22

ਮਰਦਾਨੇ ਦੀ ਯਾਦ
-ਹਰਚੰਦ ਸਿੰਘ 'ਕਲੇਰ' ਸਰਹੰਦ 23

ਸੁਰ ਲਿਪੀ - ਰਾਗ ਦਰਬਾਰੀ ਕਾਨੜਾ ।
-ਰਣਧੀਰ ਸਿੰਘ "ਖਾਲਸਾ" 24

ਸੁਰ ਲਿਪੀ -ਰਾਗ ਭੈਰਵ
-ਸ: ਦਲਜੀਤ ਸਿੰਘ 25

ਜੰਤਰੀ 28



## ਕਾਰਜਕਾਰੀ ਸੰਪਾਦਕ

ਡਾ. ਤ੍ਰਿਲੋਚਨ ਸਿੰਘ ਤਰਸੀ

## ਸਹਿਯੋਗੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

## ਚਿੱਤਰਕਾਰ

ਗੁਰਦੀਪ ਸਿੰਘ ਦੀਪ

### ਸਰਪ੍ਰਸਤ

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696


**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |


**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452


| ਇਸ਼ਤਿਹਾਰਾਂ ਦਾ ਵੇਰਵਾ | ਦੇਸ | ਵਿਦੇਸ |
|---|---|---|
| ਪਿੱਛਲਾ ਕਵਰ | 5000 ਰੁ. | 10,000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. | 7500 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. | 5000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. | 2500 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. | 1250 ਰੁ. |


■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।


■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕੱ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।


*-ਡਾ. ਜਾਗੀਰ ਸਿੰਘ ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਡੀ.ਬੀ. ਪ੍ਰਿੰਟਰਜ਼ S.C.O. 60, ਫੇਸ 3-ਬੀ-2, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।*

# ਮਿਤ੍ਰ ਅਸਾਡੜੇ ਸੇਈ

ਆਪ ਦਾ ਮੈਗਜ਼ੀਨ ਕੀਰਤਨ ਪ੍ਰੇਮੀਆਂ ਲਈ ਬੜਾ ਲਾਭਦਾਇਕ ਹੈ । ਇਹ ਕੀਰਤਨ ਸਿਖਣ, ਅੰਮ੍ਰਿਤ ਕੀਰਤਨ ਕਰਨ ਅਤੇ ਸਿਖਾਉਣ ਵਾਲਿਆਂ ਦੇ ਬੜਾ ਕੰਮ ਆਵੇਗਾ । ਤੁਹਾਡੇ ਇਸ ਪਾਸੇ ਕੀਤੇ ਉਦਮ ਅਤੇ ਦਿਲਚਸਪੀ ਦੀ ਕਦਰ ਕਰਦਾ ਹਾਂ ਅਤੇ ਸ਼ਲਾਘਾ ਕਰਦਾ ਹਾਂ । ਇਹ ਇੱਕ ਪੰਥਕ ਸੇਵਾ ਹੈ । ਏਸੇ ਤਰ੍ਹਾਂ ਉਦਮ ਨਾਲ ਕਰਦੇ ਰਹੋ । ਸਤਿਗੁਰੂ ਤੁਹਾਡੀ ਹਰ ਮੈਦਾਨ ਵਿੱਚ ਸਹਾਇਤਾ ਕਰਨ ਤਾਂ ਕਿ ਕੀਰਤਨ ਲਈ ਸਿੱਖ ਸੰਗਤਾਂ ਨੂੰ ਉਤਸ਼ਾਹਿਤ ਕਰਦੇ ਰਹੋ ।

ਯੂ.ਐਸ ਏ. — ਗੁਰਸੇਵਕ ਸਿੰਘ

ਸ਼ਹੀਦ ਭਾਈ ਮਨੀ ਸਿੰਘ ਪੁਸਤਕਾਲੇ ਲਈ ਆਪ ਜੀ ਵਲੋਂ ਭੇਜੀ ਜਾ ਰਹੀ ਮੈਗਜ਼ੀਨ 'ਅੰਮ੍ਰਿਤ ਕੀਰਤਨ' ਲਈ ਆਪ ਦੇ ਧੰਨਵਾਦੀ ਹਾਂ । ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਮੈਗਜ਼ੀਨ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ ।

ਰਤਲਾਮ — ਇੰਜ. ਗੁਰਮੀਤ ਸਿੰਘ

'ਅੰਮ੍ਰਿਤ ਕੀਰਤਨ' ਅਕਤੂਬਰ 1997 ਅੰਕ ਵਿੱਚ ਡਾ. ਕਰਨੈਲ ਸਿੰਘ ਸੋਮਲ ਦਾ ਲੇਖ 'ਮੇਰਾ ਕੀਰਤਨ ਅਨੁਭਵ' ਬੜਾ ਚੰਗਾ ਲੱਗਾ । ਬਹੁਤ ਬਹੁਤ ਵਧਾਈ ।

ਪਟਨਾ — ਰਣਧੀਰ ਸਿੰਘ ਖਾਲਸਾ

'ਅੰਮ੍ਰਿਤ ਕੀਰਤਨ' ਵਧੀਆ ਪਰਚਾ ਹੈ । ਇਸ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ ।

ਕੁਵੈਂਟਰੀ ਯੂ.ਕੇ. — ਗਿਆਨ ਸਿੰਘ ਚੌਹਾਨ

ਅਕਤੂਬਰ ਦੇ 'ਅੰਮ੍ਰਿਤ ਕੀਰਤਨ' ਵਿੱਚ 'ਮੇਰਾ ਕੀਰਤਨ ਅਨੁਭਵ' ਕੈਸਟ ਸਮੀਖਿਆ, ਕਪੂਰਥਲਾ ਰਿਆਸਤ ਬਾਰੇ ਲੇਖ ਪਸੰਦ ਆਏ । ਨਵੰਬਰ ਅੰਕ ਵਿੱਚ ਮਿਸ ਮਨਵਿੰਦਰ ਕੌਰ, ਪ੍ਰਿੰ. ਸੁਰਜੀਤ ਸਿੰਘ, ਪ੍ਰਿੰ. ਦਿਆਲ ਸਿੰਘ ਦੇ ਲੇਖ ਵਧੀਆ ਸਨ । ਡਾ. ਜਾਗੀਰ ਸਿੰਘ ਦੀ ਅਮਰੀਕਾ ਯਾਤਰਾ ਵੀ ਰੌਚਕ ਹੈ ।

ਮਲੋਟ — ਪ੍ਰੋ. ਐਮ. ਐਸ. ਸਚਦੇਵਾ

ਤੁਹਾਡੇ ਵਲੋਂ 'ਅੰਮ੍ਰਿਤ ਕੀਰਤਨ' ਰਾਹੀਂ ਗੁਰਬਾਣੀ ਪ੍ਰਵਾਹ ਘਰ ਘਰ ਪਹੁੰਚਾ ਕੇ ਰੂਹਾਨੀਅਤ ਦਾ ਕੀਤਾ ਜਾ ਰਿਹਾ ਪ੍ਰਚਾਰ ਨਿਰਸੰਦੇਹ ਸ਼ਲਾਘਾਯੋਗ ਹੈ । 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ ।

ਜਲੰਧਰ — ਦਵਿੰਦਰ ਸਿੰਘ ਕੌਮੀ
ਸੰਪਾਦਕ 'ਸਲਾਹਕਾਰ'

ਆਪ ਦਾ ਸੰਪਾਦਕੀ ਪੜ੍ਹਿਆ ! 'ਕਾਵਿ ਵਿੱਚ ਸੰਗੀਤ' ਨੇ ਮੈਨੂੰ ਵੀ ਆਪਣੀ ਕਵਿਤਾ ਯਾਦ ਕਰਵਾ ਦਿੱਤੀ । ਭਾਈ ਮਰਦਾਨਾ ਜੀ ਬਾਰੇ ਕਵਿਤਾ ਭੇਜ ਰਿਹਾ ਹਾਂ ।

ਸਰਹੰਦ — ਗਿ: ਹਰਚੰਦ ਸਿੰਘ

'ਕਾਵਿ ਵਿੱਚ ਸੰਗੀਤ' ਸੰਪਾਦਕੀ ਇੱਕ ਨਿਵੇਕਲਾ ਖਿਆਲ ਹੈ । ਇਸ ਨੇ ਮੈਨੂੰ ਜਿਹੜੀ ਕਵਿਤਾ ਲਿਖਣ ਦੀ ਪ੍ਰੇਰਨਾ ਦਿੱਤੀ ਉਹ ਭੇਜ ਰਿਹਾ ਹਾਂ ।

ਲੁਧਿਆਣਾ — ਸੰਤਾ ਸਿੰਘ ਅਜਿਜ


## ਗੁਰਮਤਿ ਸੰਗੀਤ ਵਿਸ਼ੇਸ਼ ਅੰਕ

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕ਼ੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

## ਕਰਉ ਬੇਨੰਤੀਆ

# ਬਹੁਤ ਬਹੁਤ ਧੰਨਵਾਦ

1979 ਵਿਚ ਜਦੋਂ ਮੈਂ ਆਪਣਾ ਥੀਸਿਸ 'ਗੁਰੂ ਸਾਹਿਬਾਨ ਦੀ ਬਾਣੀ ਅਤੇ ਸੰਗੀਤ' ਪੀ.ਐਚ.ਡੀ. ਲਈ ਪੇਸ਼ ਕੀਤਾ ਸੀ ਤਾਂ ਇੰਜ ਨਹੀਂ ਸੀ ਲਗਦਾ ਕਿ ਗੁਰਮਤ ਸੰਗੀਤ ਦਾ ਬੋਲ-ਬਾਲਾ ਇਤਨੀ ਵੱਡੀ ਪੱਧਰ ਤੇ ਹੋਵੇਗਾ। ਉਸ ਸਮੇਂ ਤਾਂ ਮੈਨੂੰ ਗਾਈਡ ਅਤੇ ਯੂਨੀਵਰਸਿਟੀ ਨੂੰ ਪ੍ਰੀਖਿਅਕ ਲੱਭਣੇ ਵੀ ਮੁਸ਼ਕਿਲ ਸਨ। ਫਿਰ ਦਸ ਸਾਲ ਬਾਦ 1989 ਵਿਚ ਅਸੀਂ 'ਅੰਮ੍ਰਿਤ-ਕੀਰਤਨ' ਅਰੰਭ ਕੀਤਾ ਤਾਂ ਇਸ ਕਾਫਲੇ ਦਾ ਵਿਸਥਾਰ ਹੋਣਾ ਸ਼ੁਰੂ ਹੋ ਗਿਆ। ਹੁਣ ਵਾਹਿਗੁਰੂ ਦੀ ਕਿਰਪਾ ਸਦਕਾ ਸਕੂਲ, ਕਾਲਜ ਅਤੇ ਯੂਨੀਵਰਸਿਟੀ ਪੱਧਰ 'ਤੇ ਗੁਰਮਤਿ ਸੰਗੀਤ ਦੀ ਪੜ੍ਹਾਈ ਹੋ ਰਹੀ ਹੈ। ਇਹ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗੁਰਮਤਿ ਸੰਗੀਤ ਲਈ ਡਿਪਲੋਮਾ ਕੋਰਸ ਸ਼ੁਰੂ ਕੀਤਾ ਹੈ। ਇਹ ਕੋਰਸ ਪੱਤਰ-ਵਿਹਾਰ ਰਾਹੀਂ ਵੀ ਕੀਤਾ ਜਾ ਸਕਦਾ ਹੈ। ਇਸ ਲਈ ਕਿਰਿਆਤਮਕ ਸਿੱਖਿਆ ਕਿਸੇ ਵੀ ਸੰਗੀਤ ਅਕੈਡਮੀ ਤੋਂ ਲਈ ਜਾ ਸਕਦੀ ਹੈ। ਅਸੀਂ ਜਾਣਦੇ ਹਾਂ ਕਿ ਇਸ ਵੇਲੇ ਬਹੁਤ ਸਾਰੇ ਵਿਦਿਆਰਥੀ ਗੁਰਮਤਿ ਸੰਗੀਤ ਅਤੇ ਕੀਰਤਨ ਕਰਨ ਵਿਚ ਚੰਗੇ ਮਾਹਿਰ ਹਨ ਪਰ ਉਹਨਾਂ ਦੀ ਸਿਖਲਾਈ ਵਿਧੀਵਤ ਤਰੀਕੇ ਨਾਲ ਨਾ ਹੋਣ ਕਰਕੇ ਉਹ ਆਪਣੀ ਯੋਗਤਾ ਨੂੰ ਵਧਾ ਨਹੀਂ ਸਕਦੇ। ਇਸ ਕੋਰਸ ਦੇ ਸ਼ੁਰੂ ਹੋਣ ਨਾਲ ਗੁਰਦੁਆਰਾ ਸਾਹਿਬਾਨ ਵਿਚ ਰਾਗੀਆਂ ਦੀ ਚੋਣ ਸਮੇਂ ਮੁਢਲੀ ਯੋਗਤਾ ਵਿਚ ਇਸ ਕੋਰਸ ਦੇ ਸਰਟੀਫਿਕੇਟ ਦੀ ਕਦਰ ਪੈ ਸਕੇਗੀ। ਇਸ ਲਈ ਸੰਗੀਤ ਦੀ ਸਿਖਲਾਈ ਦੇ ਰਹੀਆਂ ਸੰਸਥਾਵਾਂ ਨੂੰ ਇਸ ਸਹੂਲਤ ਦਾ ਵਧ ਤੋਂ ਵਧ ਲਾਭ ਲੈਣਾ ਚਾਹੀਦਾ ਹੈ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਇਹ ਕੋਰਸ ਸ਼ੁਰੂ ਕੀਤਾ।

ਪਿਛਲੇ ਮਹੀਨੇ 'ਵਿਸਮਾਦ ਨਾਦ' ਸੰਸਥਾ ਵੱਲੋਂ ਬਾਬਾ ਸੁੱਚਾ ਸਿੰਘ ਜੀ ਦੀ ਅਗਵਾਈ ਹੇਠ ਸੱਤਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਗਿਆ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗ, ਰਾਗ ਪੇਰਕਾਰ, ਕੀਰਤਨ ਚੌਕੀਆਂ ਅਤੇ ਪੜਤਾਲ ਸ਼ੈਲੀਆਂ ਵਿਚ ਹਰਿ ਜਸ ਗਾਇਨ ਹੋਇਆ। ਗੁਰਮਤਿ ਸੰਗੀਤ ਵਿਚ ਯੋਗਦਾਨ ਪਾਉਣ ਵਾਲੇ ਕੀਰਤਨੀਆਂ ਦਾ ਸਨਮਾਨ ਕੀਤਾ ਗਿਆ। ਸਮੁੱਚਾ ਵਾਤਾਵਰਣ ਅਦੁੱਤੀ ਸੀ। ਅਜਿਹੇ ਸਮਾਗਮ ਕਰਾਉਣ ਲਈ ਅਸੀਂ ਬਾਬਾ ਸੁੱਚਾ ਸਿੰਘ ਜੀ ਦੇ ਬਹੁਤ ਬਹੁਤ ਧੰਨਵਾਦੀ ਹਾਂ।

ਪਿਛਲੇ ਮਹੀਨੇ ਹੀ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਪ੍ਰੋ. ਪਰਮਜੋਤ ਸਿੰਘ ਹੋਰਾਂ ਦੀ ਲਿਖੀ ਪੁਸਤਕ 'ਸਹਜ ਧੁਨਿ' ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੇ ਸਰੂਪ ਅਤੇ ਸਰਲ ਬੰਦਸ਼ਾਂ ਦੀਆਂ 31 ਨੋਟੇਸ਼ਨਾਂ ਦਿੱਤੀਆਂ ਹੋਈਆਂ ਹਨ। ਸਾਰੀਆ ਬੰਦਸ਼ਾਂ ਹੀ ਤਿੰਨਤਾਲ ਵਿਚ ਹਨ। 20 ਰੁਪਏ ਦੀ ਇਹ ਪੁਸਤਕ ਵਿਦਿਆਰਥੀਆਂ ਲਈ ਇੱਕ ਅਦੁੱਤੀ ਸੌਗਾਤ ਹੈ। ਇਸ ਲਈ ਅਸੀਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਧੰਨਵਾਦੀ ਹਾਂ।

ਚੰਡੀਗੜ੍ਹ ਦੀ ਇੱਕ ਸੰਸਥਾ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਵੱਖ ਵੱਖ ਭਗਤਾਂ ਦੀ ਬਾਣੀ ਦਾ ਗਾਇਨ ਲਗਭਗ ਨਿਰਧਾਰਿਤ ਰਾਗਾਂ ਵਿੱਚ ਕਰਵਾਇਆ ਅਤੇ ਇਸ ਬਾਣੀ ਦੀ ਵੀਚਾਰ ਵੀ ਕਰਵਾਈ। ਇਹ ਨਿਵੇਕਲਾ ਜਤਨ ਸੀ। ਅਸੀਂ ਇਸ ਸੋਸਾਇਟੀ ਦਾ ਧੰਨਵਾਦ ਕਰਦੇ ਹਾਂ।

ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਨੇ ਇਸ ਸਾਲ ਭਾਈ ਗੁਰਮੇਜ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਨੂੰ ਸ਼੍ਰੋਮਣੀ ਰਾਗੀ ਪੁਰਸਕਾਰ ਦੇ ਕੇ ਸਨਮਾਨਣ ਦਾ ਫੈਸਲਾ ਕੀਤਾ ਹੈ। ਅਸੀਂ ਭਾਈ ਸਾਹਿਬ ਨੂੰ ਵਧਾਈ ਦਿੰਦੇ ਹਾਂ ਅਤੇ ਭਾਸ਼ਾ ਵਿਭਾਗ ਦਾ ਧੰਨਵਾਦ ਕਰਦੇ ਹਾਂ।

ਉਪਰੋਕਤ ਸਾਰੇ ਕਾਰਜ ਅਸੀਂ 'ਅੰਮ੍ਰਿਤ ਕੀਰਤਨ ਟ੍ਰਸਟ' ਰਾਹੀਂ ਕਰਨਾ ਚਾਹੁੰਦੇ ਸਾਂ। ਪਰ ਆਪਣੀਆਂ ਕਮਜ਼ੋਰੀਆਂ ਸਦਕਾ ਸਾਡਾ ਕਾਰਜ ਕੇਵਲ 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦੀ ਪ੍ਰਕਾਸ਼ਨਾ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਪਰ ਗੁਰੂ ਨੇ ਲਾਜ ਰੱਖੀ ਤੇ ਇਹ ਕਾਰਜ ਉਪਰੋਕਤ ਸੰਸਥਾਵਾਂ ਰਾਹੀਂ ਕਰਾਉਣ ਦਾ ਉਪਰਾਲਾ ਕਰਵਾਇਆ। ਹਾਂ ! 'ਅੰਮ੍ਰਿਤ ਕੀਰਤਨ' ਦੀ ਛਪਾਈ ਨੂੰ ਚੰਗੇਰਾ ਬਣਾਉਣ ਲਈ ਅਸੀਂ ਪਿਛਲੇ ਦੋ ਅੰਕਾਂ ਤੋਂ ਕਵਰ ਰੰਗੀਨ ਕਰ ਦਿੱਤਾ ਹੈ ਅਤੇ ਇਸ ਵਾਰ ਪੰਨੇ ਵੀ ਵਧਾਏ ਹਨ। ਆਸ ਹੈ ਤੁਸੀਂ ਖੁਸ਼ ਹੋਵੋਗੇ। ਇਸ ਸਾਰੇ ਕੁਝ ਲਈ ਤੁਹਾਡੇ ਸਹਿਯੋਗ ਦੀ ਅਤਿਅੰਤ ਲੋੜ ਹੈ। ਅਸੀਂ ਆਪਦੇ ਅਗਾਉਂ ਹੀ ਅਸੀਂ ਤਹਿ ਦਿਲੋਂ ਸ਼ੁਕਰ ਗੁਜ਼ਾਰ ਹਾਂ।

*ਧੰਨਵਾਦ ! ਧੰਨਵਾਦ !! ਧੰਨਵਾਦ !!!*

# ਗੁਰੂ ਤੇਗ ਬਹਾਦਰ ਜੀ

ਡਾ. ਤਾਰਨ ਸਿੰਘ

## ਜੀਵਨ

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਿੱਖ ਗੁਰੂਆਂ ਵਿਚੋਂ ਅੱਡਰੀ ਹੀ ਸ਼ਖਸੀਅਤ ਸੀ ਜਿਨ੍ਹਾਂ ਦੀ ਵਿਸ਼ੇਸ਼ਤਾ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਦਾ ਧਾਰਨੀ ਹੋਣ ਵਿਚ ਸੀ । ਆਪ ਦੇ ਛੇ ਬੱਚਿਆਂ, ਬਾਬਾਂ ਗੁਰਦਿਤਾ ਜੀ, ਸੂਰਜ ਮਲ ਜੀ, ਅਣੀ ਰਾਇ ਜੀ, ਬਾਬਾ ਅਟਲ ਰਾਇ ਜੀ, ਬੀਬੀ ਵੀਰੋ ਜੀ ਤੇ (ਗੁਰੂ) ਤੇਗ ਬਹਾਦਰ ਜੀ ਵਿਚੋਂ (ਗੁਰੂ) ਤੇਗ ਬਹਾਦਰ ਜੀ ਸਭ ਤੋਂ ਛੋਟੇ ਸਨ । ਪਰ ਜੋ ਮੀਰੀ ਤੇ ਪੀਰੀ ਦਾ ਸੁਮੇਲ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਰੇ ਬੱਚਿਆਂ ਵਿਚੋਂ ਆਪ ਵਿਚ ਪਰਾਪਤ ਸੀ, ਉਹ ਹੋਰ ਕਿਸੇ ਬੱਚੇ ਵਿਚ ਨਹੀਂ ਸੀ । ਮੀਰੀ ਪੀਰੀ ਦਾ ਸੁਮੇਲ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ ।

(ਗੁਰੂ) ਤੇਗ ਬਹਾਦਰ ਜੀ ਦਾ ਜਨਮ ਵਿਸਾਖ ਵਦੀ ੫, ਸੰਮਤ ੧੬੭੮ ਜਾਂ 4 ਅਪ੍ਰੈਲ ਸੰਨ ੧੬੨੧ ਨੂੰ ਅਸਥਾਨ ਗੁਰੂ ਕੇ ਮਹਲ, ਅੰਮ੍ਰਿਤਸਰ ਵਿਖੇ ਮਾਤਾ ਨਾਨਕੀ ਜੀ ਤੋਂ ਹੋਇਆ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬੱਚੇ ਦੇ ਭਵਿਖ ਨੂੰ ਵੇਖ ਕੇ ਉਸ ਦਾ ਨਾਮ (ਗੁਰੂ) ਤੇਗ ਬਹਾਦਰ ਰੱਖਿਆ ਤੇ ਵਿਸ਼ਵਾਸ ਦਿਵਾਇਆ ਕਿ ਉਹ ਬੱਚਾ, ਸੂਰਬੀਰ ਤੇ ਤੇਗ ਦਾ ਧਨੀ ਹੋਵੇਗਾ । ਬਚਪਨ ਤੋਂ ਹੀ ਆਪ ਬੜੇ ਗੰਭੀਰ, ਤਿਆਗੀ, ਨਿਰਭੈ ਤੇ ਅਡੋਲ ਸਨ । ਆਪ ਦੀ ਸਿਖਲਾਈ, ਪੜ੍ਹਾਈ ਤੇ ਸ਼ਸਤਰ-ਵਿੱਦਿਆ ਗੁਰੂ ਸਾਹਿਬ ਨੇ ਆਪਣੀ ਨਿਗਰਾਨੀ ਵਿਚ ਕਰਾਈ । ਸੰਮਤ ੧੬੯੧ ਵਿਚ ਜਦੋਂ ਆਪ ਦੀ ਉਮਰ ਕੇਵਲ ੧੩ ਸਾਲ ਸੀ, ਆਪ ਨੇ ਕਰਤਾਰਪੁਰ ਦੀ ਲੜਾਈ ਵਿਚ, ਜੋ ਸਿਖਾਂ ਤੇ ਮੁਗਲਾਂ ਵਿਚ ਪੈਂਦੇ ਖਾਨ ਦੀ ਚੁਕ ਚੁਕਾਈ ਕਰਕੇ ਹੋਈ, ਭਾਗ ਲਇਆ ਤੇ ਬੀਰਤਾ ਨਾਲ ਤਲਵਾਰ ਵਾਹੀ । ਸੰਮਤ ੧੬੯੯ ਵਿਚ ਆਪ ਦੀ ਸ਼ਾਦੀ (ਮਾਤਾ) ਗੁਜਰੀ ਜੀ ਨਾਲ ਹੋਈ ਤੇ ਸੰਮਤ ੧੭੨੩ (ਸੰਨ ੧੬੬੬) ਵਿਚ ਆਪ ਦੇ ਘਰ (ਸ੍ਰੀ ਗੁਰੂ) ਗੋਬਿੰਦ (ਸਿੰਘ) ਰਾਏ ਜੀ ਦਾ ਜਨਮ ਹੋਇਆ । ਸੰਮਤ ੧੭੦੧ ਵਿਚ ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤੀ ਜੋਤ ਸਮਾਏ ਪਰ ਗੱਦੀ ਆਪ ਨੇ ਆਪਣੇ ਪੋਤਰੇ ਸ੍ਰੀ ਹਰਿ ਰਾਇ ਸਾਹਿਬ ਨੂੰ ਦਿੱਤੀ ਕਿਉਂਕਿ ਜੋ ਕਰਤਵ

*ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥*
*ਸਾਧਨ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥*
*ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥*
(*ਬਚਿਤ੍ਰ ਨਾਟਕ*)

ਆਪ ਨੇ ਕਰਨਾ ਸੀ, ਉਸ ਦਾ ਸਮਾਂ ਹਾਲੀ ਨਹੀਂ ਸੀ ਆਇਆ । ਉਸ '*ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ*' ਲਈ ਆਪ ਨੇ ਭਗਤੀ ਦੁਆਰਾ ਆਪਣੇ ਆਪ ਨੂੰ ਤਿਆਰ ਵੀ ਕਰਨਾ ਸੀ । ਇਸ ਲਈ ਆਪ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਆਪਣੇ ਨਾਨਕੇ ਪਿੰਡ, ਬਕਾਲੇ (ਜ਼ਿਲਾ ਅੰਮ੍ਰਿਤਸਰ) ਚਲੇ ਗਏ, ਜਿੱਥੇ ਆਪ ਨੇ ੨੧ ਸਾਲ ਭਾਵ ਸੰਮਤ ੧੭੨੧ ਤੀਕ ਘੋਰ ਤਪ ਕੀਤਾ ਤੇ ਆਤਮਕ ਤੌਰ ਤੇ ਆਪਣੇ ਆਪ ਨੂੰ ਆਉਂਦੇ ਕਰੜੇ ਸਮੇਂ ਲਈ ਤਿਆਰ ਕਰ ਲਇਆ । ਸੰਮਤ ੧੭੨੧ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਗੱਦੀ 'ਬਾਬਾ ਬਕਾਲੇ' ਦੇ ਸੰਕੇਤ ਰਾਹੀਂ ਆਪ ਨੂੰ ਦਿੱਤੀ । ਗੁਰਿਆਈ ਮਿਲਦਿਆਂ ਹੀ ਆਪ ਜੀ ਨੂੰ ਧੀਰਮਲ ਦੇ ਵਿਰੋਧ ਦਾ ਮੁਕਾਬਲਾ ਕਰਨਾ ਪਇਆ ਤੇ ਹੋਰ ਸੋਢੀਆਂ ਦੇ ਵਿਰੋਧ ਦਾ ਵੀ ।

ਆਪਣੇ ਗੁਰਿਆਈ ਦੇ ਸਮੇਂ ਵਿਚ ਆਪ ਨੇ 'ਅਨੰਦਪੁਰ' ਵਸਾਇਆ ਜੋ ਅੰਮ੍ਰਿਤਸਰ ਮਗਰੋਂ ਸਿੱਖਾਂ ਦਾ ਮਹਾਨ ਪਵਿਤਰ ਅਸਥਾਨ ਸਿੱਧ ਹੋਇਆ ਅਤੇ ਆਪ ਨੇ ਸਾਰੇ ਉੱਤਰੀ ਭਾਰਤ ਦਾ ਗੁਰੂ ਨਾਨਕ ਧਰਮ ਦੇ ਪਰਚਾਰ ਲਈ ਦੌਰਾ ਕੀਤਾ ਤੇ ਧੁਬੜੀ (ਆਸਾਮ) ਤੀਕ ਪੁਜੇ । ਮਘਰ ਸੁਦੀ ੫ ਸੰਮਤ ੧੭੩੨ ਜਾਂ ੧੧ ਨਵੰਬਰ, ਸੰਨ ੧੬੭੫, ਵੀਰਵਾਰ ਦੇ ਦਿਨ, ਸੀਸ ਗੰਜ ਦੀ ਥਾਂ ਤੇ ਚਾਂਦਨੀ ਚੌਕ, ਦਿੱਲੀ ਵਿਚ, ਆਪ ਨੇ ਆਪਣੀ ਸ਼ਹਾਦਤ ਦੁਆਰਾ ਸੰਸਾਰ ਇਤਿਹਾਸ ਵਿਚ ਵਿਕਲੋਤ੍ਰੀ ਸ਼ਹਾਦਤ ਪਰਾਪਤ ਕੀਤੀ । ਆਪਣੇ ਧਰਮ ਦੀ ਰਖਸ਼ਾ ਲਈ ਕਈ ਮਹਾਨ ਪੁਰਸ਼ ਸੰਸਾਰ ਵਿਚ ਆਪ ਤੋਂ ਪਹਿਲਾਂ ਤੇ ਆਪ ਤੋਂ ਮਗਰੋਂ ਸ਼ਹੀਦ ਹੋਏ । ਕਿਸੇ ਹੋਰ ਦੇ ਧਰਮ ਦੀ ਰਖਸ਼ਾ ਲਈ ਸੰਸਾਰ ਇਤਿਹਾਸ ਵਿਚ ਕੇਵਲ ਆਪ ਹੀ ਸ਼ਹੀਦ ਹੋਏ ।

## ੨. ਕਾਵਿ ਪ੍ਰਤਿਭਾ ਦਾ ਵਿਕਾਸ

ਜਿਵੇਂ ਆਪ ਦੇ ਜੀਵਨ ਬ੍ਰਿਤਾਂਤ ਤੋਂ ਪਤਾ ਲਗਦਾ ਹੈ, ਆਪ ਦੀ ਪ੍ਰਤਿਭਾ ਦੇ ਵਿਕਾਸ ਵਿਚ ਹੇਠ ਲਿਖੀਆਂ ਗੱਲਾਂ ਦਾ ਵਿਸ਼ੇਸ਼ ਹੱਥ ਹੈ-

*ਬੁਨਿਆਦੀ ਤੌਰ ਤੇ ਆਪ ਦਾ ਸੁਭਾ ਗੰਭੀਰ ਤੇ ਤਿਆਗੀ ਸੀ । ਭਾਵ ਆਪ ਸੰਸਾਰਕ ਜੀਵਨ ਵਿਚ ਐਸ਼ਵਰਜ ਆਦਿ ਤੇ ਪਦਾਰਥ ਨੂੰ ਕੋਈ ਕੀਮਤ ਨਹੀਂ ਸਨ ਦਿੰਦੇ । ਇਸ ਕਰਕੇ ਆਪ ਵਿਚ ਬੀਰਤਾ ਤੇ ਨਿਰਭੈਤਾ ਉਪਜੇ । ਜੀਵਨ ਦਾ ਮੋਹ ਨਾ ਹੋਣ ਨਾਲ ਹੀ ਬੀਰਤਾ ਉਪਜਦੀ ਹੈ । ਜੀਵਨ ਵੱਲੋਂ ਨਿਰਮੋਹ ਹੋਣਾ ਸ਼ਹਾਦਤ ਪਰਾਪਤੀ ਲਈ ਵੀ ਜ਼ਰੂਰੀ ਹੈ । ਇਹ ਸਾਰੀਆਂ ਰੁਚੀਆਂ ਆਪ ਦੀ ਰਚਨਾ ਵਿਚੋਂ ਪਰਤਖ ਲਿਸ਼ਕ ਰਹੀਆਂ ਹਨ ।*

ਆਪ ਤੇ ਆਪ ਜੀ ਦੇ ਪਿਤਾ ਦੀ 'ਮੀਰੀ ਪੀਰੀ' ਦੀ ਫ਼ਿਲਾਸਫ਼ੀ ਦਾ ਬੜਾ ਹੀ ਡੂੰਘਾ ਪਰਭਾਵ ਪਇਆ । ਆਪ ਨੇ ਆਪਣੇ ਆਪ ਨੂੰ ਪੂਰਨ ਭਾਂਤ ਇਸ ਸਿਧਾਂਤ ਅਨੁਸਾਰ ਉਸਾਰਿਆ । ਆਪ ਨੇ ਘੋਰ ਭਗਤੀ

ਕੀਤੀ ਪਰ ਆਪ ਨੇ ਕਦੇ ਅਮਲੀ ਜੀਵਨ ਦੀ ਜ਼ੁਮੇਵਾਰੀ ਤੋਂ ਮੁਖ ਨਹੀਂ ਮੋੜਿਆ । ਮੀਰੀ ਪੀਰੀ ਦੇ ਮਿਲਾਪ ਨੇ ਹੀ ਆਪ ਵਿਚ ਆਪ ਦਾ ਇਹ ਬੁਨਿਆਦੀ ਸ੍ਵੈ ਸਨਮਾਨ ਤੇ ਗੈਰਤ ਵਾਲਾ ਸਿਧਾਂਤ ਪੈਦਾ ਕੀਤਾ ਕਿ ਗਿਆਨੀ ਉਹ ਹੈ ਜੋ ਨਾ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਕਿਸੇ ਦਾ ਭੈ ਮੰਨਦਾ ਹੈ :

*ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥*
*ਕਹੁ ਨਾਨਕ ਸੁਨ ਰੇ ਮਨਾ, ਗਿਆਨੀ ਤਾਹਿ ਬਖਾਨਿ ॥*

ਆਪ ਦੀ ਸਾਰੀ ਰਚਨਾ ਇਸ ਸਿਧਾਂਤ ਦੀ ਵਿਆਖਿਆ ਵੀ ਕਹੀ ਜਾ ਸਕਦੀ ਹੈ ।

ਆਪ ਦੇ ਪਿਤਾ ਜੀ ਨੂੰ ਵੀ ਤੇ ਆਪ ਨੂੰ ਵੀ ਦ੍ਰਿੜ ਵਿਸ਼ਵਾਸ ਸੀ ਕਿ ਆਪ ਨੇ ਜੀਵਨ ਵਿਚ ਕੋਈ ਜ਼ਰੂਰੀ ਕੰਮ ਕਰਨਾ ਹੈ, ਆਪ ਦੇ ਜੀਵਨ ਦਾ ਆਦਰਸ਼ ਹੈ । ਮੰਤਵ-ਚੇਤੰਨਤਾ ਨੇ ਆਪ ਦੀ ਸਾਰੀ ਸ਼ਕਤੀ ਨੂੰ ਕਿਸੇ ਉਸਾਰੂ ਵਹਿਣ ਵਿਚ ਪਾ ਦਿਤਾ । ਆਪ ਸਮੇਂ ਲਈ ਆਪਣੇ ਆਪ ਨੂੰ ਤਿਆਰ ਕਰਨ ਲਗੇ । ਇਹ ਚੇਤੰਨਤਾ ਆਪ ਦੀ ਕਵਿਤਾ ਵਿਚੋਂ ਡਲਕਦੀ ਹੈ ।

ਆਪ ਨੂੰ ਗੁਰਿਆਈ ਮਿਲਦਿਆਂ ਹੀ ਆਪ ਦਾ ਕਈ ਪਾਸਿਆਂ ਤੋਂ, ਵਿਸ਼ੇਸ਼ ਕਰਕੇ ਧੀਰਮਲ ਵਲੋਂ, ਵਿਰੋਧ ਅਰੰਭ ਹੋ ਗਇਆ । ਇਸ ਵਿਰੋਧ ਦਾ ਪ੍ਰਭਾਵ ਆਪ ਦੇ ਫਲਸਫੇ ਤੇ ਪਇਆ । ਆਪ ਵਿਰੋਧ ਲਈ ਅੰਦਰਲੇ ਬਲ ਨੂੰ ਮਜ਼ਬੂਤ ਕਰਨ ਦਾ ਉਪਦੇਸ਼ ਦਿੰਦੇ ਹਨ । ਵਿਰੋਧ ਨਾਲ ਆਪ ਵਿਚ ਸਹਿਨਸ਼ੀਲਤਾ ਵਧੀ, ਆਪ ਵਿਚ ਅਮਲੀ ਜੀਵਨ ਨੂੰ ਨਜਿਠਣ ਦੀ ਸਮਰਥਾ ਵਧੀ ਤੇ ਆਪਣੇ ਠੀਕ ਨੁਕਤੇ ਤੇ ਡਟਣ ਦੀ ਹਿੰਮਤ ਵਧੀ । ਇਹੋ ਆਚਰਨ ਆਪ ਦੀ ਸ਼ਹਾਦਤ ਦੇ ਕ੍ਰਿਸ਼ਮੇ ਵਿਚੋਂ ਝਲਕਦਾ ਹੈ : ਆਪ ਸਿਰ ਦੇ ਗਏ ਪਰ ਸਿਰਰੁ ਨਹੀਂ ਦਿਤਾ- ਆਪਣਾ ਠੀਕ ਹੱਠ ਨਹੀਂ ਛਡਿਆ । ਵਿਰੋਧ ਵਿਚ ਅਡੋਲ ਰਹਿ ਸਕਣਾ ਮਹਾਨ ਪਰਾਪਤੀ ਹੈ । ਆਪ ਅੰਮ੍ਰਿਤਸਰ ਆਏ ਪਰ ਆਪ ਨੂੰ ਦਰਬਾਰ ਸਾਹਿਬ ਦੇ ਅੰਦਰ ਨਹੀਂ ਦਾਖਲ ਹੋਣ ਦਿਤਾ ਗਇਆ । ਆਪ ਨੇ ਰੋਸ ਨਹੀਂ ਕੀਤਾ । ਆਪ ਬਾਹਰ ਥੜ੍ਹੇ ਤੇ ਬੈਠ ਗਏ । ਇਹ ਸੁਭਾ ਆਪ ਦੀ ਰਚਨਾ ਵਿਚ ਹੈ ।

ਆਪ ਦਾ ਪਰਚਾਰ ਦੇ ਹਿਤ ਕੀਤਾ ਭਰਮਣ ਬੜਾ ਵਿਸ਼ਾਲ ਹੈ । ਸ਼ਾਇਦ ਆਪ ਦੇ ਮਨ ਵਿਚ ਉਸ ਸਾਰੀ ਯਾਤਰਾ ਨੂੰ ਪੂਰਾ ਕਰਨ ਦਾ ਸੰਕਲਪ ਸੀ ਜੋ ਗੁਰੂ ਨਾਨਕ ਸਾਹਿਬ ਨੇ ਭਾਰਤ ਵਿਚ ਕੀਤੀ ਸੀ । ਪਰ ਆਪ ਆਸਾਮ ਵਿਚ ਧੁਬੜੀ ਪਿੰਡ ਤਕ ਜਾ ਸਕੇ । ਗੁਰੂ ਨਾਨਕ ਸਾਹਿਬ ਵੀ ਉਸ ਪਿੰਡ ਤੀਕ ਗਏ ਸਨ । ਫਿਰ ਆਪ ਨੂੰ (ਗੁਰੂ ਤੇਗ ਬਹਾਦਰ ਨੂੰ) ਵਾਪਸ ਆਉਣਾ ਪਿਆ ।

ਆਪ ਦੇ ਸਫਰ ਦੇ ਹਾਲਾਤ ਬੜੇ ਰੌਚਕ ਹਨ । ਆਪ ਨੇ ਮਾਲਵੇ ਦੇ ਬਹੁਤ ਸਾਰੇ ਪਿੰਡਾਂ ਨੂੰ ਵੇਖਿਆ । ਆਪ ਅਨੇਕ ਪਰਕਾਰ ਦੇ ਅਨੇਕ ਲੋਕਾਂ ਨੂੰ ਮਿਲੇ । ਆਪ ਮੁਸਲਮਾਨ ਫਕੀਰਾਂ ਪਾਸ ਰਹੇ ਅਤੇ ਜੋਗੀਆਂ ਤੇ ਸਿਧਾਂ ਨੂੰ ਮਿਲੇ । ਸਾਰੇ ਉੱਤਰੀ ਹਿੰਦ ਦਾ ਆਪ ਨੇ ਦੌਰਾ ਕੀਤਾ ।

ਪਰਚਾਰ ਤੇ ਸਫਰ ਦਾ ਆਪ ਦੀ ਪ੍ਰਤਿਭਾ ਤੇ ਬੜਾ ਪਰਭਾਵ ਪਇਆ । ਆਪ ਦੀ ਰਚਨਾ ਵਿਚ ਪੁਰਾਣਕ ਕਥਾਵਾਂ ਦੇ ਹਵਾਲੇ ਹਨ, ਬੋਲੀ ਵਧੇਰੇ ਬ੍ਰਿਜ ਤੇ ਹਿੰਦੀ ਹੈ ਕਿਉਂਕਿ ਆਪ ਵਧੇਰੇ ਉੱਤਰੀ ਹਿੰਦ ਵਿਚ ਪਰਚਾਰ ਕਰ ਰਹੇ ਸਨ ।

ਔਰੰਗਜ਼ੇਬ ਦੀ ਜੇਹਲ ਦੇ ਕਸ਼ਟਾਂ ਨੇ ਆਪ ਦੀ ਪ੍ਰਤਿਭਾ ਤੇ ਸ਼ਖਸੀਅਤ ਨੂੰ ਹੋਰ ਚਮਕਾਇਆ । ਆਪ ਨੇ ੫੭ ਸ਼ਲੋਕਾਂ ਦੀ ਰਚਨਾ ਜੋ ਸ਼ਲੋਕ ਵਾਰਾਂ ਤੋਂ ਵਧੀਕ ਦੇ ਭਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਹਨ, ਜੇਹਲ ਵਿਚ ਕੀਤੀ ਤੇ ਆਪਣੇ ਜੀਵਨ ਤਜਰਬੇ ਤੇ ਆਪਣੇ ਫਲਸਫੇ ਦਾ ਸਾਰ ਉਹਨਾਂ ਸ਼ਲੋਕਾਂ ਵਿਚ ਦਿੱਤਾ । ਆਪ ਦੇ ਸਲੋਕ ਆਪ ਦੀ ਸਾਰੀ ਰਚਨਾ ਵਿਚੋਂ ਵਧੇਰੇ ਮਹਾਨਤਾ ਪਰਾਪਤ ਕਰ ਸਕੇ ਹਨ । ਤਿਆਗ, ਨਿਰਭੈਤਾ, ਸ੍ਵੈ-ਸਤਿਕਾਰ ਹੀ ਬ੍ਰਹਮ ਗਿਆਨੀ ਦੇ ਲੱਛਣ ਦਸੇ ਹਨ ।

## ੩. ਰਚਨਾ ਦਾ ਬਿਉਰਾ

ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਕਾਰ ਵਿਚ ਬਾਹਲੀ ਨਹੀਂ ਹੈ ; ਆਪ ਨੇ ਕੇਵਲ ੫੯ ਪਦੇ ਤੇ ੫੭ ਸ਼ਲੋਕ ਰਚੇ ਹਨ । ਇਹ ਸਾਰੀ ਰਚਨਾ ਆਪ ਨੇ ਸੰਮਤ ੧੭੨੧ ਤੋਂ ੧੭੩੨ ਦੇ ਸਮੇਂ ਵਿਚ ਕੀਤੀ ।

ਆਪ ਦੀ ਰਚਨਾ ਦਾ ਵੇਰਵਾ ਇਸ ਪਰਕਾਰ ਹੈ :-

| ਰਾਗ | ਪਦੇ | ਸ਼ਲੋਕ |
|---|---|---|
| ਗਉੜੀ | ੯ | — |
| ਆਸਾ | ੧ | — |
| ਦੇਵਗੰਧਾਰੀ | ੩ | — |
| ਬਿਹਾਗੜਾ | ੧ | — |
| ਸੋਰਠਿ | ੧੨ | — |
| ਜੈਤਸਿਰੀ | ੩ | — |
| ਧਨਾਸਰੀ | ੪ | — |
| ਟੋਡੀ | ੧ | — |
| ਤਿਲੰਗ | ੩ | — |
| ਬਿਲਾਵਲ | ੩ | — |
| ਰਾਮਕਲੀ | ੩ | — |
| ਮਾਰੂ | ੩ | — |
| ਬਸੰਤ | ੫ | — |
| ਸਾਰੰਗ | ੪ | — |
| ਜੈਜਾਵੰਤੀ | ੪ | — |
| ਸ਼ਲੋਕ ਵਾਰਾਂ ਤੋਂ ਵਧੀਕ | — | ੫੭ |
| | ੫੯ | ੫੭ |

# ਗੁਰੂ ਗ੍ਰੰਥ ਸਾਹਿਬ ਤੇ ਰਾਗ

ਪ੍ਰੋ. ਚੰਨਣ ਸਿੰਘ ਨਿਰਮਲ

ਵਿਸ਼ਵ ਪ੍ਰਸਿਧ ਡੰਕਨ ਗ੍ਰੀਨਲੀਜ਼ ਆਪਣੀ ਪੁਸਤਕ 'The Gospel of Guru Granth Sahib' ਵਿਚ ਖੂਬ ਲਿਖਦੇ ਹਨ :-

*"ਵਿਸ਼ਵ ਭਰ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਹੋਰ ਦੀ ਗੁਰੂ ਗ੍ਰੰਥ ਸਾਹਿਬ ਜਿੰਨੀ ਸਾਹਿਤਕ ਪੱਧਰ, ਅਥਾਹ ਅਨੁਭਵੀ ਗਿਆਨ ਜਾਂ ਪ੍ਰੇਰਣਾ ਦੀ ਉਚੱਤਾ ਹੋਵੇ ।"*

ਗੁਰੂ ਗ੍ਰੰਥ ਸਾਹਿਬ ਦੀ ਬਾਣੀ 1430 ਪੰਨਿਆਂ ਤੇ 31 ਰਾਗਾਂ ਵਿਚ ਹੈ । 'ਗ੍ਰੰਥ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਗੁੰਦਨਾ ਅਰਥਾਤ ਗ੍ਰੰਥ ਉਹ ਪੋਥੀ ਹੁੰਦੀ ਹੈ, ਜਿਸ ਵਿਚ ਪ੍ਰਭ-ਉਪਦੇਸ਼ਾਂ ਨੂੰ ਕਲਾਮਈ ਤਰਤੀਬ ਨਾਲ ਗੁੰਦਿਆ ਹੁੰਦਾ ਹੈ । ਵਿਸ਼ਵ ਕਲਿਆਣਕਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਸ਼ਵ ਕਲਿਆਣਕਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਆਪਣੀ ਕਲਾ ਪਾਰਖੂ ਦ੍ਰਿਸ਼ਟੀ ਹੇਠ ਭਾਈ ਗੁਰਦਾਸ ਜੀ ਤੋਂ 1604 ਈ: ਵਿਚ ਕਰਵਾਈ । ਇਸ ਪਾਕ ਸੰਪਾਦਨਾ ਦੀ ਉਸ ਵੇਲੇ ਅਤਿ ਲੋੜ ਸੀ । ਇਕ ਤਾਂ ਪ੍ਰਿਥੀ ਚੰਦ ਦੇ ਵੱਡੇ ਪੁੱਤਰ ਸੋਢੀ ਮਿਹਰਬਾਨ ਵਰਗੇ ਗੁਰੂ ਨਾਨਕ ਨਾਂ ਨਾਲ ਬਾਣੀ ਦਾ ਰਲਾ ਪੈਦਾ ਕਰ ਰਹੇ ਸਨ । ਦੂਜਾ ਉਸ ਵੇਲੇ ਇਕ ਮਹਾਨ ਗ੍ਰੰਥ ਦੀ ਜ਼ਰੂਰਤ ਅਨੁਭਵ ਕੀਤੀ ਜਾ ਰਹੀ ਸੀ । ਸੋ ਕੱਚੀ ਬਾਣੀ ਨਾਲੋਂ ਧੁਰ ਕੀ ਸੱਚੀ ਬਾਣੀ ਨੂੰ ਨਿਖੇੜ ਕੇ ਗੁਰੂ ਗ੍ਰੰਥ ਸਾਹਿਬ ਸੰਪਾਦਿਆ ਗਿਆ ਤਾਂ ਕਿ ਸਦਾ ਲਈ ਮਨੁੱਖਤਾ ਇਸ ਤੋਂ ਅਗਵਾਈ ਲੈਂਦੀ ਰਹੇ ।

ਗੁਰੂ ਗ੍ਰੰਥ ਸਾਹਿਬ ਮੱਧਕਾਲ ਦੀ ਸਭ ਤੋਂ ਮਹਾਨ ਰਚਨਾ ਹੈ । ਏਡੇ ਉੱਚ ਪਾਏ ਦੀ ਤੇ ਏਡੇ ਵੱਡੇ ਆਕਾਰ ਦੀ ਹੋਰ ਕੋਈ ਰਚਨਾ ਵਿਸ਼ਵ ਭਰ ਵਿਚ ਨਹੀਂ ਮਿਲਦੀ । ਇਸ ਵਿਚ ਹੋਰ ਵਾਧਾ ਇਹ ਹੈ ਕਿ ਇਹ ਆਪਣੇ ਸ਼ੁੱਧ ਤੇ ਪ੍ਰਮਾਣਿਕ ਰੂਪ ਵਿਚ ਅੰਕਿਤ ਕੀਤਾ ਗਿਆ । ਇਸ ਪੱਖੋਂ ਸ਼ਾਇਦ ਹੀ ਕੋਈ ਹੋਰ ਗ੍ਰੰਥ ਇਸ ਤੁਲ ਦਾ ਹੋਵੇ । ਆਪਣੀ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਕਾਲ ਤੇ ਦੇਸ਼ ਦੇ ਪੱਖੋਂ ਬਹੁਤ ਵਿਸ਼ਾਲ ਘੇਰੇ ਵਿਚ ਪਸਰਿਆ ਹੋਇਆ ਹੈ । 12 ਵੀਂ 13 ਵੀਂ ਸਦੀ ਤੋਂ ਲੈਕੇ ਇਸ ਦਾ ਘੇਰਾ 17ਵੀਂ ਸਦੀ ਤਕ ਭਾਵ ਲਗਭਗ ਪੰਜ ਸੌ ਸਾਲ ਤਕ ਪਹੁੰਚ ਜਾਂਦਾ ਹੈ । ਇਸ ਵਿਚ 36 ਪ੍ਰਸਿੱਧ ਪ੍ਰਭੂ ਪ੍ਰੇਮ, ਦੇਸ਼ ਪ੍ਰੇਮ, ਮਾਨਵ ਪ੍ਰੇਮ ਵਿਚ ਵਿਲੀਣ ਹੋਏ ਹੋਰ ਵਰਣ ਆਸ਼ਰਮ, ਜ਼ਾਤ ਪਾਤ ਤੇ ਧਰਮਾਂ ਵਿਚੋਂ ਨਿੱਖਰੇ, ਰੂਹ ਦੀ ਉੱਚਤਮ ਅਵਸਥਾ ਵਿਚ ਟਿਕੇ ਮਹਾਨ ਪੁਰਸ਼ਾਂ ਦੀ ਰਚਨਾ ਸੰਕਲਿਤ ਹੈ । ਇਸ ਦੇ ਕਵੀਆਂ ਦਾ ਜੀਵਨ, ਸਾਹਿਤ ਤੇ ਸੰਗੀਤ ਨਾਲ ਇਕ ਸੁਰ ਹੋ ਚੁੱਕਾ ਸੀ । ਇਨ੍ਹਾਂ ਮਹਾਂਪੁਰਖ ਕਵੀਆਂ ਜਿਹਾ ਕਿ ਮਹਾਰਾਸ਼ਟਰ ਵਿਚ ਨਾਮਦੇਵ, ਗੁਜਰਾਤ ਵਿਚ ਤ੍ਰਿਲੋਚਨ ਜੀ, ਬੰਗਾਲ ਵਿਚ ਜੈ ਦੇਵ, ਉੱਤਰ ਪ੍ਰਦੇਸ਼ ਵਿਚ ਰਾਮਾਨੰਦ, ਕਬੀਰ, ਰਵਿਦਾਸ, ਪੀਪਾ ਜੀ ਆਦਿ ਅਤੇ ਰਾਜਪੁਤਾਨੇ ਵਿਚ ਧੰਨਾ, ਸਿੰਧ ਵਿਚ ਸਧਨਾ, ਲਖਨਊ ਵਿਚ ਭੀਖਣ ਸ਼ਾਹ, ਭਿੰਨ ਭਿੰਨ ਪ੍ਰਾਂਤਾਂ ਦੇ ਹਨ । ਸੋ ਗੁਰੂ ਗ੍ਰੰਥ ਸਾਹਿਬ ਸਮੂਹ ਭਾਰਤ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ ।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀਆਂ ਦੀ ਤਰਤੀਬ ਵਿਸ਼ੇ ਮਜ਼ਮੂਨ, ਕਵੀਆਂ ਜਾਂ ਰਚਨਾ ਕਾਲ ਅਨੁਸਾਰ ਨਾ ਹੋਕੇ ਰਚਨ-ਮਨੋਰਥ ਅਨੁਸਾਰ ਹੈ । ਗੁਰਮਤਿ ਕਾਵਿ ਨਾਮ ਮਾਰਗ ਹੈ, ਜਿਸ ਵਿਚ ਗਿਆਨ ਮਾਰਗ, ਕਰਮ ਮਾਰਗ ਤੇ ਭਗਤੀ ਮਾਰਗ ਵੀ ਸੰਮਲਿਤ ਹੈ । ਇਸ਼ ਮਾਰਗ ਦੀ ਕੁੰਜੀ ਵਿਸਮਾਦ ਹੈ । ਵਿਸਮਾਦ ਵਜਦ ਦੀ ਅਵਸਥਾ ਹੈ । ਵਜਦ ਵਿਚ ਆ ਕੇ ਮਨੁੱਖੀ ਮਨ ਪੂਰਨ ਸ਼ਾਂਤ ਤੇ ਅਡੋਲ ਹੁੰਦਾ ਹੈ । ਪਰਮ ਪਿਤਾ ਤੋਂ ਸ਼ਕਤੀ ਪ੍ਰਾਪਤ ਕਰਦਾ ਹੈ । ਇਸ ਅਵਸਥਾ ਨੂੰ ਰਾਗ, ਕਾਵਿ ਤੇ ਸਾਜ਼ ਦੇ ਸੁਮੇਲ ਨਾਲ ਤਰਤੀਬ ਦਿੱਤੀ ਗਈ ਹੈ । ਸਭ ਤੋਂ ਪਹਿਲਾਂ ਚਉਪਦੇ, ਫੇਰ ਅਸ਼ਟਪਦੀਆਂ, ਫੇਰ ਖਾਸ ਲੰਮੀਆਂ ਬਾਣੀਆਂ, ਫੇਰ ਛੰਤ, ਫੇਰ ਖਾਸ ਛੋਟੀਆਂ ਬਾਣੀਆਂ, ਫੇਰ ਵਾਰਾਂ ਤੇ ਅੰਤ ਭਗਤਾਂ ਦੀ ਬਾਣੀ । ਬਾਣੀ ਨੂੰ ਇਨ੍ਹਾਂ ਸਿਰਲੇਖਾਂ ਹੇਠ ਘਰਾਂ ਦੇ ਮੁਤਾਬਕ ਵੰਡਿਆ ਗਿਆ ਹੈ । ਗੁਰੂ ਗ੍ਰੰਥ ਦੇ ਅੰਤ ਤੇ ਇਕ ਰਾਗ ਮਾਲਾ ਹੈ, ਜਿਸ ਵਿਚ ਰਾਗਾਂ ਰਾਗਨੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਜ਼ਿਕਰ ਹੈ । ਇਹ ਇਕ ਪ੍ਰਕਾਰ ਨਾਲ ਰਾਗਾਂ ਦਾ ਤਤਕਰਾ ਹੈ । ਸਭ ਤੋਂ ਸਿਰਮੌਰ ਰਾਗ ਸ੍ਰੀ ਰਾਗ ਹੈ ।

"ਰਾਗਾਂ ਵਿਚ ਸ੍ਰੀ ਰਾਗ ਜੇ ਸਚਿ ਧਰੇ ਪਿਆਰੁ ।"

ਸੋ ਪਹਿਲਾਂ ਸ੍ਰੀ ਰਾਗ ਰੱਖਿਆ ਹੈ । ਰਾਗ ਮਾਲਾ ਵਿਚ 84 ਰਾਗ ਹਨ । ਰਾਗ 31 ਹਨ । ਬਾਕੀ ਉਨ੍ਹਾਂ ਦੀਆਂ ਇਸਤ੍ਰੀਆਂ, ਧੀਆਂ ਤੇ ਪੁੱਤਰ ਹਨ ।

*"ਖਸਟ ਰਾਗ ਉਨਿ ਗਾਏ, ਸੰਗ ਰਾਗਨੀ ਤੀਸ'*
*ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ।"*

ਖਸ਼ਟ ਭਾਵ 6 = 1. ਭੈਰਉ 2. ਮਾਲਕਉਸ, 3. ਹਿੰਡੋਲ, 4. ਦੀਪਕ, 5. ਸਿਰੀ ਰਾਗ, 6. ਮੇਘ

ਅਠਾਰਹ ਦਸ ਬੀਸ=18+10+20=48, ਕੁਲ ਰਾਗਨੀਆਂ = 30

6 ਰਾਗਾਂ ਦੇ ਕੁਲ ਪੁਤ੍ਰ = 6x8 = 48

ਕੁਲ ਰਾਗ = 6+30+48 = 84

ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ 31 ਰਾਗ ਹਨ -

1. ਸ੍ਰੀ ਰਾਗ, 2. ਮਾਝ, 3. ਗਉੜੀ, 4. ਆਸਾ, 5. ਗੂਜਰੀ, 6. ਦੇਵ ਗੰਧਾਰੀ, 7. ਬਿਹਾਗੜਾ, 8. ਵਡਹੰਸ, 9. ਸੋਰਠਿ, 10. ਧਨਾਸਰੀ, 11. ਜੈਤਸਰੀ, 12. ਟੋਡੀ, 13. ਬੈਰਾੜੀ, 14. ਤਿਲੰਗ, 15. ਸੂਹੀ, 16. ਬਿਲਾਵਲ, 17. ਗੋਂਡ, 18. ਰਾਮਕਲੀ, 19. ਨਟ, 20. ਮਾਲੀ ਗਉੜਾ, 21. ਮਾਰੂ, 22. ਤੁਖਾਰੀ, 23. ਕੇਦਾਰਾ, 24. ਭੈਰਉ, 25. ਬਸੰਤ, 26. ਸਾਰੰਗ, 27. ਮਲਾਰ, 28. ਕਾਨੜਾ, 29. ਕਲਿਆਣ, 30. ਪ੍ਰਭਾਤੀ, 31. ਜੈਜਾਵੰਤੀ

ਇਨ੍ਹਾਂ 31 ਰਾਗਾਂ ਤੋਂ ਇਲਾਵਾ ਹੇਠਲੇ 6 ਰਾਗ ਦੂਜੇ ਰਾਗਾਂ ਨਾਲ ਮਿਲਾਕੇ ਗਾਣ ਦਾ ਆਦੇਸ਼ ਹੈ -

1. ਲਲਿਤ, 2. ਆਸਾਵਰੀ, 3. ਹਿੰਡੋਲ, 4. ਭੋਪਾਲੀ, 5. ਬਿਭਾਸ, 6. ਕਾਫ਼ੀ

ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਕੁਲ ਰਾਗ = 31+6= 37 ਹਨ ।

ਗੁਰੂ ਗ੍ਰੰਥ ਸਾਹਿਬ ਵਿਚ ਰਾਗ, ਕਵਿਤਾ, ਕਵੀ ਤੇ ਘਰ ਸੰਪਾਦਨ ਤਰਤੀਬ ਲਈ ਇਹ ਚਾਰ ਨਿਯਮ ਸਾਹਮਣੇ ਰਖੇ ਹਨ । ਭਗਤਾਂ ਵਲੋਂ ਭਗਤ ਬਾਣੀ ਉੱਪਰ ਤਾਲ ਦਾ ਵੇਰਵਾ ਨਹੀਂ ਦਿੱਤਾ ਗਿਆ ਜਦ ਕਿ ਆਦਿ ਗ੍ਰੰਥ ਵਿਚ ਸੰਪਾਦਨ ਵੇਲੇ ਸੰਪਾਦਕੀ ਨਿਯਮ ਅਨੁਸਾਰ ਭਗਤਾਂ ਦੀ ਬਾਣੀ ਉੱਪਰ ਤਾਲ ਜਾਂ ਘਰ ਦਾ ਸੰਕੇਤ ਦਿੱਤਾ ਗਿਆ ਹੈ । ਸੋ ਸਪਸ਼ਟ ਹੈ ਕਿ ਪਾਰਖੂ ਗੁਰੂ ਅਰਜਨ ਨੇ ਇਸ ਨੂੰ ਵੀ ਰਾਗ ਪ੍ਰਬੰਧ ਦੇ ਅਨੁਸ਼ਾਸਨ ਅਧੀਨ ਹੀ ਰੱਖਿਆ ਹੈ ।

ਡਾ: ਤਾਰਨ ਸਿੰਘ ਆਪਣੀ ਪੁਸਤਕ 'ਭਗਤੀ ਤੇ ਸ਼ਕਤੀ' ਦੇ ਲੇਖ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ' ਵਿਚ ਲਿਖਦੇ ਹਨ- "ਜਿਥੇ ਗੁਰੂ ਗ੍ਰੰਥ ਸਾਹਿਬ ਨੇ ਕਈ ਨਵੇਂ ਅਧਿਆਤਮਿਕ, ਰਹੱਸਵਾਦੀ, ਧਾਰਮਿਕ, ਸਮਾਜਿਕ ਤੇ ਰਾਜਸੀ ਦ੍ਰਿਸ਼ਟੀਕੋਣ ਦਿੱਤੇ ਹਨ, ਉਥੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਇਕ ਨਵਾਂ ਕਲਾਤਮਕ ਦ੍ਰਿਸ਼ਟੀਕੋਣ ਵੀ ਦਿੱਤਾ ਹੈ , ਜਿਸ ਦੀ ਭਾਰਤੀ ਕਲਾਤਮਕ ਇਤਿਹਾਸ ਵਿਚ ਇਕ ਵਿਸ਼ੇਸ਼ ਥਾਂ ਹੋਣੀ ਚਾਹੀਦੀ ਹੈ । ਆਦਿ ਗ੍ਰੰਥ ਵਿਚ ਰਾਗਾਂ ਤੇ ਕਵਿਤਾ ਨੂੰ ਮਿਲਾ ਦਿੱਤਾ ਗਿਆ ਹੈ । ਰਸ ਦੀ ਥਾਂ ਪ੍ਰਧਾਨਗੀ ਰਾਗ ਦੀ ਹੈ ।"

ਰਾਗ ਗੁਰੂ ਗ੍ਰੰਥ ਸਾਹਿਬ ਦੇ ਹਰ ਸ਼ਬਦ ਵਿਚੋਂ ਝਰਦਾ ਹੈ । ਰਾਗਾਂ ਨੂੰ ਰੁੱਤਾਂ, ਸਮਿਆਂ, ਮਨੁੱਖੀ ਵਿਚਾਰਾਂ ਭਾਵਾਂ ਅਨੁਸਾਰ ਵਰਤਿਆ ਗਿਆ ਹੈ । ਜਿੱਥੇ ਇਹ ਰਾਗ ਸੁਹਜ ਸੁਆਦ ਪੈਦਾ ਕਰਦੇ ਹਨ ਉਥੇ ਅਨੰਦ ਤੇ ਹੁਲਾਸ ਦਾ ਗੁਣ ਵੀ ਪੈਦਾ ਕਰਦੇ ਹਨ ।

*"ਅਨੰਦ ਭਇਆ ਮੇਰੀ ਮਾਇ ਸਤਿਗੁਰੂ ਮੈਂ ਪਾਇਆ ।*
*ਸਤਿਗੁਰ ਤਾ ਪਾਇਆ ਸਹਿਜ ਸੇਤੀ ਮਨ ਵਜੀਆ ਵਧਾਈਆ ।*
*ਰਾਗ ਰਤਨ ਪ੍ਰਵਾਰ ਪਰੀਆ ਸਬਦ ਗਾਵਣ ਆਈਆਂ । (ਅਨੰਦ ਸਾਹਿਬ)*

ਛੰਦਾ ਬੰਦੀ ਨੂੰ ਕੋਈ ਖਾਸ ਮਹੱਤਤਾ ਨਹੀਂ ਦਿੱਤੀ ਗਈ । ਜ਼ਿਆਦਾ ਮਹੱਤਤਾ ਰਾਗਾਂ ਨੂੰ ਦਿੱਤੀ ਗਈ ਹੈ । ਆਦਿ ਗ੍ਰੰਥ ਵਿਚਲੇ ਸਿਰਲੇਖ ਜਿਹਾ ਕਿ ਸੁਖਮਨੀ, ਸਿਧ ਗੋਸਟਿ, ਸ਼ਬਦ, ਪਦੇ, ਆਰਤੀ, ਬਾਵਣ ਅੱਖਰੀ, ਅੰਜਲੀਆਂ, ਆਦਿ ਲੋਕ ਗੀਤਾਂ ਤੇ ਲੋਕ ਸੰਗੀਤਾਂ ਤੇ ਆਧਾਰਤ ਹਨ । ਛੰਦ, ਰਾਗ ਤੇ ਕਾਵਿ ਭੇਦ ਬਹੁਤੇ ਭਾਰਤੀ ਹਨ । ਹਰੇਕ ਰਾਗ ਦੇ ਆਰੰਭ ਵਿਚ ਮੰਗਲ ਆਉਂਦਾ ਹੈ । ਇਹੀ ਮੰਗਲ ਪਿਛੋਂ ਜਾਕੇ ਮੰਗਲਾਚਰਣ ਦਾ ਰੂਪ ਧਾਰਦਾ ਹੈ । ਗੁਰੂ ਗ੍ਰੰਥ ਸਾਹਿਬ ਦੀ ਰਚਨਾ ਵਿਚ 'ਉਪ ਸੰਹਾਰ' ਦਾ ਨਿਯਮ ਨਿਭਾਇਆ ਗਿਆ ਹੈ । ਇਸ ਨਿਯਮ ਅਨੁਸਾਰ ਗ੍ਰੰਥ ਦਾ ਆਰੰਭ ਜਿਸ ਅੱਖਰ ਨਾਲ ਕੀਤਾ ਜਾਏ ਭੋਗ ਵੀ ਉਸੇ ਅੱਖਰ ਨਾਲ ਪਾਇਆ ਜਾਏ । ਗੁਰੂ ਗ੍ਰੰਥ ਸਾਹਿਬ ਦਾ ਆਦਿ ਸ (ਸਤਿਨਾਮ) ਨਾਲ ਹੁੰਦਾ ਹੈ ਅਤੇ ਭੋਗ ਰਾਗ ਮਾਲਾ ਦੀ ਅੰਤਲੀ ਪੰਕਤੀ ਵਿਚਲੇ ਸ (ਅਠਾਰਾਂ ਦਸ ਬੀਸ) ਭਾਵ ਬੀਸ ਦੇ 'ਸ' ਨਾਲ ਪੈਂਦਾ ਹੈ ।

ਆਦਿ ਗ੍ਰੰਥ ਦਾ ਘਰ ਪ੍ਰਬੰਧ ਸੰਗੀਤ ਦੇ ਸਤ ਸੁਰ ਹਨ-

ਸਾ ਰੇ ਗਾ ਮਾ ਪਾ ਧਾ ਨੀ । ਗਾਵਣ ਵਾਲਿਆਂ ਗੰਧਰਵਾਂ ਨੂੰ ਗਾਵਣਹਾਰੇ ਤੇ ਸਾਜ ਵਜਾਉਣ ਵਾਲਿਆਂ ਕਿੰਨਰਾਂ ਨੂੰ ਵਾਵਣਹਾਰੇ ਕਿਹਾ ਗਿਆ ਹੈ ।

*"ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ ।*
*ਕੇਤੇ ਰਾਗ ਪਰੀ ਸਿਉ ਕਹੀਅਨਿ, ਕੇਤੇ ਗਾਵਣ ਹਾਰੇ ।"*

ਸੰਗੀਤ ਵਿਚ ਰਹਾਓ ਦਾ ਵਿਸ਼ੇਸ਼ ਸਥਾਨ ਹੈ । ਡਾ. ਚਰਨ ਸਿੰਘ ਅਨੁਸਾਰ ਰਹਾਓ ਤੋਂ ਭਾਵ ਰਾਗ ਵਿਚ ਸਥਾਈ ਟੇਕ ਹੈ । ਭਾਈ ਕਾਨ੍ਹ ਸਿੰਘ ਵੀ ਇਸ ਦਾ ਅਰਥ ਇਸਥਿਤ ਜਾਂ ਵਿਸ੍ਰਾਮ, ਸੁਰ, ਪਾਠ ਦੀ ਧਾਰਨਾ, ਟੇਕ, ਸਥਾਈ, ਉਹ ਪਦ ਜੋ ਵਾਰ ਵਾਰ ਗਾਉਣ ਸਮੇਂ ਅੰਤਰ ਪਿੱਛੋਂ ਵਰਤਿਆ ਜਾਏ ਲਿਆ ਹੈ ।

# ਆਸਟ੍ਰੇਲੀਆ ਵਿੱਚ ਇੱਕ ਅਨੰਦ-ਕਾਰਜ

ਡਾ. ਜਾਗੀਰ ਸਿੰਘ

ਪਿਛਲੇ ਸਾਲ ਜੂਨ 1996 ਨੂੰ ਜਦੋਂ ਅਸੀਂ ਆਸਟ੍ਰੇਲੀਆ ਗਏ ਸਾਂ ਤਾਂ ਖਰਚੇ ਦੇ ਡਰ ਤੋਂ ਅਸੀਂ ਕੇਵਲ ਸਿਡਨੀ ਤੋਂ ਹੀ ਵਾਪਸ ਪਰਤਣ ਦਾ ਮਨ ਬਣਾ ਲਿਆ ਸੀ । ਪਰ ਬ੍ਰਿਸਬੇਨ ਵਿਖੇ ਰਹਿ ਰਹੇ ਪਰਿਵਾਰ ਡਾ. ਕੇਵਲ ਸਿੰਘ ਬੰਸੀ ਅਤੇ ਬੀਬੀ ਕੁਲਦੀਪ ਕੌਰ ਬੰਸੀ ਦੀ ਪ੍ਰੇਰਣਾ ਅਤੇ ਸਹਿਯੋਗ ਸਦਕਾ ਹੀ ਅਸੀਂ ਬ੍ਰਿਸਬੇਨ ਅਤੇ ਐਡੀਲੇਡ ਸ਼ਹਿਰਾਂ ਵਿੱਚ ਘੁੰਮ ਸਕੇ ਸਾਂ । ਇਸ ਪਰਿਵਾਰ ਨੇ ਸਿਡਨੀ ਤੋਂ ਬ੍ਰਿਸਬੇਨ ਅਤੇ ਬ੍ਰਿਸਬੇਨ ਤੋਂ ਐਡੀਲੇਡ ਤਕ ਦੀਆਂ ਚਾਰ ਟਿਕਟਾਂ ਲਈ ਮਾਇਆ ਤਾਂ ਖਰਚੀ ਹੀ ਸੀ ਸਗੋਂ ਸਾਨੂੰ ਇਹਨਾਂ ਨੇ ਇੱਕ ਹਫਤਾ ਆਪਣੇ ਘਰ ਵੀ ਰੱਖਿਆ ਅਤੇ ਕੁਝ ਗੁਰਮਤਿ ਸਿਖਲਾਈ ਹਾਸਲ ਕੀਤੀ । ਇਹਨਾਂ ਦੀ ਪੁੱਤਰੀ ਐਡੀਲੇਡ ਵਿੱਚ ਰਹਿ ਰਹੀ ਸੀ । ਉਦੋਂ ਉਸ ਦੇ ਵਿਆਹ ਬਾਰੇ ਗੱਲਾਂ-ਬਾਤਾਂ ਚਲਦੀਆਂ ਸਨ ਤਾਂ ਅਸੀਂ ਸੁਭਾਵਿਕ ਹੀ ਕਹਿ ਦਿੱਤਾ ਕਿ ਇਸ ਦੇ ਅਨੰਦ ਕਾਰਜ 'ਤੇ ਕੀਰਤਨ ਕਰਨ ਆਵਾਂਗੇ ।

ਹੁਣ ਜਦੋਂ ਇਸ ਅਨੰਦ-ਕਾਰਜ ਦਾ ਕਾਰਡ ਆਇਆ ਤਾਂ ਆਸਟ੍ਰੇਲੀਆ ਦੀ ਮੁੜ ਯਾਤਰਾ ਬਾਰੇ ਵਿਚਾਰਾਂ ਹੋਣ ਲੱਗੀਆਂ । ਉਹਨਾਂ ਦੇ ਭੇਜੇ ਕਾਰਡ ਵਿਚ ਧੇਤੇ ਅਤੇ ਪੁਤੇਤੇ ਪਰਿਵਾਰਾਂ ਦੇ ਵੇਰਵੇ ਸ਼ਲਾਘਾਯੋਗ ਹਨ । 'ਬੀਬੀ ਸਿਮਰਜੀਤ ਕੌਰ ਸਪੁਤਰੀ ਡਾਕਟਰ ਕੇਵਲ ਸਿੰਘ ਬੰਸੀ ਅਤੇ ਸਰਦਾਰਨੀ ਕੁਲਦੀਪ ਕੌਰ ਬੰਸੀ, ਪੋਤਰੀ - ਸਵ: ਸਰਦਾਰ ਨਰੰਜਨ ਸਿੰਘ ਅਤੇ ਸਵ: ਸਰਦਾਰਨੀ ਚਰਨ ਕੌਰ ਬੰਸੀ ਅਤੇ ਦੋਹਤਰੀ ਸਰਦਾਰ ਸੰਤਾ ਸਿੰਘ ਅਤੇ ਸਵ: ਸਰਦਾਰਨੀ ਰਣਜੀਤ ਕੌਰ ਬਦੇਸ਼ਾ (ਸਿੰਘਾਪੁਰ) ਕਾਕਾ ਅਜੀਤ ਸਿੰਘ ਸਪੁਤਰ ਸਰਦਾਰ ਬਲਦੇਵ ਸਿੰਘ ਧਾਲੀਵਾਲ ਅਤੇ ਸਰਦਾਰਨੀ ਮਨਮੋਹਨ ਕੌਰ ਧਾਲੀਵਾਲ ਪੋਤਰਾ ਸਵਰਗਵਾਸੀ ਗਿ: ਹਰਚੰਦ ਸਿੰਘ ਬੱਸੀਆਂ, ਮਲਾਇਆ ਵਾਲੇ ।'

ਇਸ ਵੇਰਵੇ ਤੋਂ ਇਹਨਾਂ ਦੀ ਆਪਣੇ ਬਜ਼ੁਰਗਾਂ ਨਾਲ ਜੁੜਨ ਦੀ ਤਾਂਘ ਅਤੇ ਆਪਣੀ ਪਛਾਣ ਨੂੰ ਹੋਰ ਸਪਸ਼ਟ ਕਰਨ ਦੀ ਚਾਹਨਾ ਪਰਗਟ ਹੁੰਦੀ ਸੀ । ਭੈਣ ਕੁਲਦੀਪ ਕੌਰ ਹੋਰਾਂ ਫੋਨ ਤੇ ਕਿਹਾ ਕਿ ਅਨੰਦ-ਕਾਰਜ ਸਹੀ ਗੁਰਮਤਿ ਰੀਤੀ ਅਨੁਸਾਰ ਕਰਨਾ ਹੈ ਅਤੇ ਪੰਜਾਬ ਦੀਆਂ ਵਿਸ਼ੇਸ਼ ਸਭਿਆਚਾਰਕ ਰਸਮਾਂ ਵੀ ਕਰਨੀਆਂ ਹਨ । ਪੰਜਾਬੀ ਵਿਆਹ ਵਾਲਾ ਪਹਿਰਾਵਾ ਵੀ ਚਾਹੀਦਾ ਹੈ । ਮੈਨੂੰ ਜਾਪਿਆ ਕਿ ਹੁਣ ਤਾਂ ਫਿਰ ਆਸਟ੍ਰੇਲੀਆ ਜਾਣਾ ਹੀ ਪਵੇਗਾ । ਮੇਰੇ ਪਰਿਵਾਰ-ਪਤਨੀ ਕੁਲਵੰਤ ਕੌਰ, ਪੁੱਤਰੀ ਹਰਸ਼ਗੀਤ ਕੌਰ ਅਤੇ ਪੁੱਤਰ ਹਰਗੁਨਗੀਤ ਸਿੰਘ ਨੇ ਆਗਿਆ ਦੇ ਦਿੱਤੀ । ਭਾਵੇਂ ਹਰਸ਼ਗੀਤ ਕੌਰ ਦੀ ਪੜ੍ਹਾਈ ਜ਼ੋਰਾਂ ਤੇ ਸੀ ਫਿਰ ਵੀ ਉਹ ਆਪਣੀ ਕੁਲਦੀਪ ਆਂਟੀ ਦਾ ਮਾਣ ਰਖਣਾ ਚਾਹੁੰਦੀ ਸੀ । ਕੁਲਵੰਤ ਕੌਰ ਅਤੇ ਮਨਜੀਤਪਾਲ ਕੌਰ ਨੇ ਬੜੇ ਚਾਵਾਂ ਨਾਲ ਫੁਲਕਾਰੀ ਆਦਿ ਅਤੇ ਹੋਰ ਪੰਜਾਬੀ ਪਹਿਰਾਵਾ ਖਰੀਦਿਆ । ਮੈਂ ਸਾਰਾ ਨਿਕਸੁੱਕ ਲੈ.ਕੇ ਦਿੱਲੀ ਹਵਾਈ ਅੱਡੇ 'ਤੇ ਜਾ ਪੁੱਜਾ । ਦਿਲੀ ਤੋਂ ਸਿੰਘਾਪੁਰ ਤੇ ਸਿੰਘਾਪੁਰ ਤੋਂ ਆਸਟ੍ਰੇਲੀਆ ਦੇ ਪਹਿਲੇ ਸ਼ਹਿਰ ਪਰਥ ਵਿਖੇ 16 ਅਕਤੂਬਰ ਨੂੰ ਪੁੱਜ ਗਿਆ । ਉਥੇ ਆਸਾਨੀ ਨਾਲ ਹੀ ਜਦੋਂ ਹਵਾਈ ਅੱਡੇ ਤੋਂ ਬਾਹਰ ਆ ਗਿਆ ਤਾਂ ਇਸ ਦੇ ਮੁਕਾਬਲੇ ਦਿੱਲੀ ਦਾ ਹਵਾਈ ਅੱਡਾ ਭਵ-ਸਾਗਰ ਜਾਪਿਆ । ਸ਼ਾਮ ਨੂੰ ਪਰਥ ਗੁਰਦੁਆਰੇ ਕੀਰਤਨ ਕੀਤਾ । ਕੁਛ ਸੱਜਣ 'ਅੰਮ੍ਰਿਤ ਕੀਰਤਨ' ਦੇ ਮੈਂਬਰ ਬਣੇ । ਰਾਤ ਨੂੰ ਆਪਣੇ ਮਿੱਤਰ ਸ੍ਰ. ਅਮਰਜੀਤ ਸਿੰਘ ਸ਼ਾਹ ਹੋਰਾਂ ਦੇ ਘਰ ਰਿਹਾ । ਸਵੇਰੇ ਇਹਨਾਂ ਐਡੀਲੇਡ ਦੇ ਜਹਾਜ਼ ਵਿੱਚ ਚੜ੍ਹਾ ਦਿੱਤਾ । ਦੋ ਘੰਟੇ ਬਾਦ ਐਡੀਲੇਡ ਪੁੱਜ ਗਿਆ । ਡਾਕਟਰ ਕੇਵਲ ਸਿੰਘ ਹੋਰੀਂ ਮੈਨੂੰ ਲੈਣ ਆਏ ਹੋਏ ਸਨ । ਇਹਨਾਂ ਨੇ ਐਡੀਲੇਡ ਵਿਚ ਆਪਣੇ ਮਿੱਤਰ ਦਾ ਇੱਕ ਮਕਾਨ ਲਿਆ ਹੋਇਆ ਸੀ । ਉਥੇ ਹੀ ਵਿਆਹ ਦੀਆਂ ਤਿਆਰੀਆਂ ਹੋ ਰਹੀਆਂ ਸਨ । ਬਿਲਕੁਲ ਪੰਜਾਬ ਦੇ ਵਿਆਹ ਵਾਲਾ ਮਾਹੌਲ ਬਣਾਇਆ ਹੋਇਆ ਸੀ । ਸਿਮਰਜੀਤ ਕੌਰ ਨੂੰ ਮਹਿੰਦੀ ਲਗਾਈ ਜਾ ਰਹੀ ਸੀ । ਕੁਲਦੀਪ ਕੌਰ ਮੈਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਆਏ ਵਾਕ ਦੇ ਅਰਥ ਪੁੱਛ ਰਹੀ ਸੀ । ਮਿਠਾਈ ਦੀਆਂ ਪਲੇਟਾਂ ਸਜੀਆਂ ਹੋਈਆਂ ਸਨ । ਫੋਨ ਆ ਰਹੇ ਸਨ । ਭਾਵੇਂ ਭੀੜ ਘੱਟ ਸੀ ਪਰ ਫਿਰ ਵੀ ਸਾਰਿਆਂ ਵਿੱਚ ਚਾਅ ਸੀ । ਇਥੋਂ ਗਏ ਕੱਪੜੇ, ਚੂੜਾ, ਕਲੀਰੇ ਆਦਿ ਵੇਖ ਕੇ ਸਾਰਿਆਂ ਨੂੰ ਚਾਅ ਚੜ੍ਹ ਗਿਆ । ਇੱਥੋਂ ਦੇ ਸੂਟਾਂ ਦੀਆਂ, ਫੁਲਕਾਰੀ ਦੀਆਂ ਤਾਰੀਫਾਂ ਹੋਈਆਂ ।

ਦੂਜੇ ਦਿਨ ਬਰਾਤ ਸਮੇਂ ਸਿਰ ਪੁਜੀ ਤੇ ਅਨੰਦ ਕਾਰਜ ਦੀ ਸਾਰੀ ਰਸਮ ਪੂਰੇ ਸਮੇਂ ਸਿਰ ਹੋਈ । ਲੰਗਰ ਜਾਂਜੀਆਂ ਅਤੇ ਮਾਂਜੀਆਂ ਨੇ ਇਕਠਿਆਂ ਹੀ ਛਕਿਆ । ਅਨੰਦ ਕਾਰਜ ਸਮੇਂ ਕੀਰਤਨ ਕਰਦਿਆਂ ਮੇਰਾ ਤਬਲੇ ਤੇ ਸਾਥ ਸ੍ਰ. ਚਰਨ ਸਿੰਘ ਨੇ ਦਿੱਤਾ । ਦੂਜੇ ਹਰਮੋਨੀਅਮ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਸ੍ਰ. ਦਇਆ ਸਿੰਘ ਬੈਠੇ । ਇਸ ਵਿਆਹ ਵਿਚ ਲਾੜਾ-ਅਜੀਤ ਸਿੰਘ ਉਹਨਾਂ ਦਾ ਭਤੀਜਾ ਹੀ ਸੀ । ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੀਬੀ ਗੁਰਵਿੰਦਰ ਕੌਰ ਬੈਠੇ ਉਹਨਾਂ ਬੜੇ ਸੁਚੱਜੇ ਤਰੀਕੇ ਨਾਲ ਲਾਵਾਂ ਦਾ ਪਾਠ ਕੀਤਾ । ਪੰਜਾਬ ਵਾਸੀਆਂ ਲਈ ਤਾਂ ਅਜੇ ਇਹ ਵੀ ਓਪਰੀ ਗੱਲ ਹੈ ਕਿ ਲਾਵਾਂ ਕੋਈ ਇਸਤਰੀ ਪੜ੍ਹੇ ।

ਆਸਟ੍ਰੇਲੀਆ ਦਾ ਇਹ ਵਿਆਹ ਭਾਵੇਂ ਪੰਜਾਬ ਦੇ ਆਮ ਵਿਆਹਾਂ ਵਾਂਗ ਹੀ ਜਾਪ ਰਿਹਾ ਸੀ ਪਰ ਇਸ ਦੀ ਸਾਦਗੀ ਵਿਲਖਣ ਸੀ । ਇਥੇ ਜਾਂਜੀ ਮਾਂਜੀ ਇਕੋਂ ਹੀ ਪੱਧਰ ਤੇ ਵਿਚਰ ਰਹੇ ਸਨ । ਸਾਰੀ ਰਸਮ ਗੁਰਦੁਆਰਾ ਸਾਹਿਬ ਵਿਖੇ ਹੋ ਰਹੀ ਸੀ । ਮੈਂ ਮਹਿਸੂਸ ਕੀਤਾ ਕਿ ਇਹ ਲੋਕ ਅਮੀਰਕਾ-ਇੰਗਲੈਂਡ ਦੇ ਪੰਜਾਬੀ-ਸਿੱਖ ਪਰਿਵਾਰਾਂ ਦੇ ਮੁਕਾਬਲੇ ਸਰਲ ਅਤੇ ਸਾਦੇ ਹਨ । ਅਮਰੀਕਾ ਵਿੱਚ ਇਕ ਵਾਕਿਆ ਸੁਣਨ ਨੂੰ ਮਿਲਿਆ ਸੀ '। ਵਿਆਹ ਵਾਲੀ ਬੀਬੀ ਨੇ

ਲਾੜੇ ਦੇ ਪਿੱਛੇ ਲਾਂਵਾਂ ਲੈਣ ਤੋਂ ਇਤਰਾਜ਼ ਕੀਤਾ। ਜਦੋਂ ਮੇਰੇ ਤੋਂ ਪੁੱਛਿਆ ਤਾਂ ਮੈਂ ਤਾਂ ਇਹੀ ਉੱਤਰ ਦਿੱਤਾ ਕਿ ਇਹ ਰਸਮਾਂ ਸਾਡੇ ਬਜ਼ੁਰਗਾਂ ਨੇ ਸੋਚ-ਸਮਝ ਕੇ ਬਣਾਈਆਂ ਹਨ ਅਤੇ ਇਹਨਾਂ ਨੂੰ ਅਨੰਦ-ਮੈਰਿਜ ਐਕਟ ਵਿੱਚ ਪ੍ਰਵਾਨਗੀ ਮਿਲੀ ਹੈ। ਇਸ ਨੂੰ ਕੋਈ ਇਕੱਲਾ-ਦੁਕੱਲਾ ਵਿਅਕਤੀ ਤਬਦੀਲ ਨਹੀਂ ਕਰ ਸਕਦਾ। ਜੇ ਕੋਈ ਤਬਦੀਲੀ ਚਾਹੁੰਦੇ ਹੋ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਤੇ ਅਪੀਲ ਕਰਨੀ ਚਾਹੀਦੀ ਹੈ। ਉਂਜ ਵੀ ਵਿਆਹ ਵਿੱਚ ਪਤੀ ਅਤੇ ਪਤਨੀ ਨੂੰ ਆਪਣੀ ਹਉਮੈ ਗੁਆ ਕੇ ਇਕ ਦੂਜੇ ਨੂੰ ਪ੍ਰੇਮ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ ਜੇ ਇਸੇ ਸਮੇਂ ਹੀ ਹਉਮੈਂ ਵਧਾਉਣ ਵਾਲੇ ਕੰਮ ਕਰਨ ਲੱਗ ਪਈਏ ਤਾਂ ਬਾਦ ਵਿੱਚ ਕਿਵੇਂ ਨਿਭੇਗੀ।

ਸ਼ਾਮ ਨੂੰ ਭੈਣ ਪ੍ਰਵੀਨ ਕੌਰ ਮੈਨੂੰ ਰਿਸੈਪਸ਼ਨ ਪਾਰਟੀ ਵਿਚ ਲੈ ਕੇ ਗਈ। ਪਹਿਲਾਂ ਅਸੀਂ ਤੋਹਫਾ ਲੈਣ ਲਈ ਇੱਕ ਸਟੋਰ ਵਿੱਚ ਗਏ। ਪਤਾ ਲਗਾ ਕਿ ਇਥੇ ਦਾ ਰਿਵਾਜ ਹੈ ਲਾੜਾ-ਲਾੜੀ ਇਹਨਾਂ ਸਟੋਰ ਵਾਲਿਆਂ ਨੂੰ ਉਹਨਾਂ ਵਸਤਾਂ ਦੀ ਲਿਸਟ ਦੇ ਦਿੰਦੇ ਹਨ ਜਿਹੜੀਆਂ ਉਹਨਾਂ ਨੂੰ ਚਾਹੀਦੀਆਂ ਹਨ। ਜਿਸਨੇ ਵੀ ਤੋਹਫਾ ਖਰੀਦਣਾ ਹੁੰਦਾ ਹੈ ਉਹ ਉਸ ਲਿਸਟ ਵਾਲੀਆਂ ਵਸਤਾਂ ਵਿਚੋਂ ਹੀ ਖਰੀਦਦਾ ਹੈ। ਇਸ ਤਰ੍ਹਾਂ ਕੋਈ ਵਸਤੂ ਵਾਧੂ ਨਹੀਂ ਖਰੀਦੀ ਜਾਂਦੀ। ਜਦੋਂ ਅਸੀਂ ਸਮਾਗਮ ਵਾਲੇ ਹਾਲ ਵਿਚ ਪਹੁੰਚੇ ਤਾਂ ਰਿਸੈਪਸ਼ਨ ਤੇ ਇੱਕ ਰਜਿਸਟਰ ਪਿਆ ਹੋਇਆ ਸੀ। ਉਥੇ ਟੇਬਲਾਂ ਦੇ ਨੰਬਰ ਅਤੇ ਪ੍ਰਾਹੁਣਿਆਂ ਦੇ ਨਾਮ ਲਿਖੇ ਹੋਏ ਸਨ। ਸਾਰਿਆਂ ਲਈ ਸੀਟਾਂ ਰਾਖਵੀਆਂ ਰੱਖੀਆਂ ਹੋਈਆਂ ਸਨ। ਬਾਕੀ ਗਾਣਾ ਵਜਾਣਾ ਸ਼ੋਰ ਸ਼ਰਾਬਾ ਪੰਜਾਬ ਵਰਗਾ ਹੀ ਸੀ।

ਇਸ ਪਾਰਟੀ ਵਿੱਚ ਬਹੁਤ ਸਾਰੇ ਗੈਰ ਸਿੱਖ ਅਤੇ ਗੈਰ ਭਾਰਤੀ ਵੀ ਪੁਜੇ ਹੋਏ ਸਨ। ਉਹ ਵੀ ਇਸ ਪਾਰਟੀ ਦਾ ਅਨੰਦ-ਮਾਣ ਰਹੇ ਸਨ। ਇਸ ਸਮੇਂ ਇਕ ਸਟੇਜ ਵੀ ਲਗੀ ਹੋਈ ਸੀ। ਸ੍ਰ. ਦਇਆ ਸਿੰਘ ਸਟੇਜ ਸਕੱਤਰੀ ਕਰ ਰਹੇ ਸਨ। ਛੋਟੇ ਛੋਟੇ ਜਾਣ-ਪੱਛਾਣ ਵਾਲੇ ਭਾਸ਼ਣ-ਚੁਟਕਲੇ ਆਦਿ ਵੀ ਚੱਲ ਰਹੇ ਸਨ। ਭੈਣ ਜੀ ਕੁਲਦੀਪ ਕੌਰ ਦੇ ਪਿਤਾ ਜੀ ਗਿ: ਸੰਤਾ ਸਿੰਘ ਨੇ ਬੜੇ ਚੰਗੇ ਢੰਗ ਨਾਲ ਸਭ ਦਾ ਧੰਨਵਾਦ ਅਤੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਲਾੜੇ ਦੇ ਤਾਇਆ ਜੀ ਸ੍ਰ ਗੁਰਮੁਖ ਸਿੰਘ ਬਾਸੀਆਂ ਇੰਗਲੈਂਡ ਤੋਂ ਪੁਜੇ ਹੋਏ ਸਨ ਉਹਨਾਂ ਵੀ ਹਾਜ਼ਰੀ ਲੁਆਈ। ਸਿਮਰਜੀਤ ਕੌਰ ਦੇ ਭਰਾ ਨੇ ਆਪਣੀ ਭੈਣ ਬਾਰੇ ਕੁਝ ਹਸਾਉਣੀਆਂ ਘਟਨਾਵਾਂ ਸੁਣਾਈਆਂ। ਇਹ ਸੁਣ ਕੇ ਜਾਪ ਰਿਹਾ ਸੀ ਜਿਵੇਂ ਪੰਜਾਬ ਵਿਚ ਜਾਣ-ਪਛਾਣ ਅਤੇ ਇੱਕ ਦੂਜੇ ਪਰਿਵਾਰ ਨੂੰ ਮਿਲਣ ਸਮੇਂ ਜੋ ਜੱਕ-ਤੱਕ ਹੁੰਦੀ ਹੈ ਉਸ ਨੂੰ ਸਿਠਣੀਆਂ ਤੇ ਛੰਤਾਂ ਰਾਹੀਂ ਦੂਰ ਕੀਤਾ ਜਾਂਦਾ। ਇੱਥੇ ਇਹਨਾਂ ਗੱਲਾਂ ਬਾਤਾਂ ਦਾ ਮੰਤਵ ਝਿਜਕ ਦੂਰ ਕਰਨਾ ਅਤੇ ਨੇੜਤਾ ਵਧਾਉਣਾ ਇਸ ਆਸਟਰੇਲੀਅਨ ਰੀਸੈਪਸ਼ਨ ਦਾ ਮੁੱਖ ਮੰਤਵ ਹੈ। ਮੇਰੇ ਲਈ ਵਿਦੇਸ਼ ਵਿੱਚ ਇਸ ਤਰ੍ਹਾਂ ਦੇ ਵਿਆਹ ਦਾ ਪਹਿਲਾ ਮੌਕਾ ਸੀ ਇਸ ਲਈ ਮੈਂ ਇਸ ਸਾਰੇ ਸਮਾਗਮ ਨੂੰ ਹੋਰ ਵੀ ਰੁਚੀ ਨਾਲ ਮਾਣਿਆ।


## *ਕੀਰਤਨ ਨਿਰਮੋਲਕ ਹੀਰਾ ਅਨੰਦਗੁਣੀ ਗਹੀਰਾ*

ਆਪ ਜੀ ਨੂੰ ਇਹ ਜਾਣਕੇ ਅਤਿ ਪਰਸੰਨਤਾ ਹੋਵੇਗੀ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਗੁਰ-ਸ਼ਬਦ ਕੀਰਤਨ ਨੂੰ ਵਿਸ਼ੇ ਵਜੋਂ ਪੂਰਨ ਮਾਨਤਾ ਦੇਣ ਲਈ ਡਾ. ਜੁਗਿੰਦਰ ਸਿੰਘ ਪੁਆਰ ਵਾਈਸ-ਚਾਂਸਲਰ ਅਤੇ ਡਾ. ਗੁਰਨਾਮ ਸਿੰਘ, ਮੁੱਖੀ ਸੰਗੀਤ ਵਿਭਾਗ ਦੇ ਉੱਦਮ ਸਦਕਾ, 'ਡਿਪਲੋਮਾ ਇਨ ਗੁਰਮਤਿ ਸੰਗੀਤ' ਅਰੰਭ ਕੀਤਾ ਜਾ ਰਿਹਾ ਹੈ। ਇਹ ਡਿਪਲੋਮਾ ਇਕ ਸਾਲ ਦਾ ਹੋਵੇਗਾ ਅਤੇ ਪੱਤਰ-ਵਿਹਾਰ ਸਿੱਖਿਆ ਵਿਭਾਗ ਦੁਆਰਾ ਚਲਾਇਆ ਜਾਵੇਗਾ। ਇਸਦਾ ਪ੍ਰਾਸਪੈਕਟਸ ਵੀ ਮੁੱਖੀ ਪੱਤਰ-ਵਿਹਾਰ ਸਿੱਖਿਆ ਵਿਭਾਗ ਦੁਆਰਾ ਹੀ ਮਿਲੇਗਾ।

ਸਮੂਹ ਕੀਰਤਨ ਪ੍ਰੇਮੀਆਂ, ਸੰਗੀਤ ਵਿਦਿਆਲਿਆਂ ਦੇ ਉਸਤਾਦ ਅਧਿਆਪਕਾਂ, ਰਾਗੀ ਸਿੰਘਾਂ ਅਤੇ ਸਮੂਹ ਸਿੱਖ ਸੰਸਥਾਵਾਂ ਨੂੰ ਬੇਨਤੀ ਹੈ ਕਿ ਇਸ ਡਿਪਲੋਮੇ ਵਿਚ ਵੱਧ ਤੋਂ ਵੱਧ ਵਿਦਿਆਰਥੀ ਭੇਜਣੇ ਤਾਂ ਜੋ ਸ਼ਬਦ ਕੀਰਤਨ ਸਿਖਾਉਣ ਦੀ ਇਸ ਲਹਿਰ ਨੂੰ ਅਕਾਦਮਿਕ ਤੌਰ ਤੇ ਸਫਲ ਬਣਾਇਆ ਜਾਵੇ।

*ਦਾਖਲੇ ਲਈ ਘੱਟੋ ਘੱਟ ਯੋਗਤਾ :* (1) ਦਸਵੀਂ ਪਾਸ
(2) ਸੰਗੀਤ ਵਿਦਿਆਲੇ ਵਿਚ ਕਿਰਿਆਤਮਕ ਤਾਲੀਮ ਪ੍ਰਾਪਤ ਕਰਨ ਦਾ ਦੋ ਸਾਲ ਦਾ ਤਜਰਬਾ।

*ਹੋਰ ਵਧੇਰੇ ਜਾਣਕਾਰੀ ਲਈ ਅਤੇ ਪ੍ਰਾਸਪੈਕਟਸ ਲਈ ਹੇਠ ਲਿਖੀਆਂ ਥਾਂਵਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ :*

ਡਾ. ਗੁਰਨਾਮ ਸਿੰਘ, ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
(☎ 82 2461-65 ਐਕਸਟੈਨਸ਼ਨ 6107)

ਡਾ. ਤਰਲੋਕ ਸਿੰਘ ਅਨੰਦ, ਮੁਖੀ, ਪੱਤਰ-ਵਿਹਾਰ ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
(☎ 82 2461-65 ਐਕਸਟੈਨਸ਼ਨ 6182 ਸਿੱਧਾ 82 2885)

ਡਾ. ਜਸਬੀਰ ਕੌਰ, ਲੈਕਚਰਾਰ ਸੰਗੀਤ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, (☎ 82 2949)

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15 - ਏ, ਚੰਡੀਗੜ੍ਹ

# ਉਸਤਾਦ ਮਾਸਟਰ ਰਤਨ ਦੀ ਗਾਇਕੀ ਤੇ ਇਕ ਝਾਤ

ਸ੍ਰ. ਪਰਗਟ ਸਿੰਘ ਨਿਊਯਾਰਕ*

ਦੁਨੀਆਂ ਦੀਆਂ ਕੋਮਲ ਕਲਾਵਾਂ ਵਿਚੋਂ ਸਾਹਿਤ, ਸੰਗੀਤ ਅਤੇ ਚਿਤਰਕਾਰੀ ਦੇ ਖੇਤਰ ਵਿਚ ਪੰਜਾਬੀਆਂ ਨੇ ਬਹੁਤ ਯੋਗਦਾਨ ਪਾਇਆ ਹੈ । ਬਾਬਾ ਫਰੀਦ, ਗੁਰੂ ਨਾਨਕ ਅਤੇ ਬੁੱਲੇ ਸ਼ਾਹ ਦੀ ਕਵਿਤਾ ਦੀ ਪੱਧਰ ਏਨੀ ਬੁਲੰਦੀ ਤੇ ਹੈ ਕਿ ਉਸਨੂੰ ਅੱਜ ਤੱਕ ਕੋਈ ਛੋਹ ਨਹੀਂ ਸਕਿਆ, ਰਹੀ ਗੱਲ ਸੰਗੀਤ ਦੀ, ਆਉ, ਇਸ ਬਾਰੇ ਵੀ ਥੋੜ੍ਹੀ ਪੁਣ-ਛਾਣ ਕਰਕੇ ਦੇਖਦੇ ਹਾਂ ।

ਅੱਜਕੱਲ ਸਾਰੇ ਹਿੰਦੁਸਤਾਨ ਵਿਚ (ਸਿਵਾਏ ਦੱਖਣ ਦੇ) ਭਾਤਖੰਡੇ ਦੀ ਪੱਧਤੀ ਹੀ ਪਰਵਾਨਿਤ ਹੈ । ਪਰ ਸੰਗੀਤ ਦੇ ਇਸ ਮਹਾਂਗਿਆਨੀ ਨੇ ਪੰਜਾਬ ਦੇ ਕਿਸੇ ਵੀ ਘਰਾਣੇ ਬਾਰੇ ਕੁਝ ਨਹੀਂ ਲਿਖਿਆ । ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਤਖੰਡੇ ਜੀ ਨੇ ਐਸਾ ਕਰਕੇ ਪੰਜਾਬ ਦੇ ਸੰਗੀਤ ਘਰਾਣਿਆਂ ਨਾਲ ਬੇ-ਇਨਸਾਫੀ ਜ਼ਰੂਰ ਕੀਤੀ ਹੈ । ਇਸੇ ਹੀ ਕਾਰਨ ਪੰਜਾਬ ਦੀ ਅਸਲੀ ਗਾਇਕੀ ਜੋ ਧਰੁਪਦ ਅਤੇ ਧਮਾਰ ਸ਼ੈਲੀ ਸੀ, ਪਰਚਾਰ ਦੀ ਘਾਟ ਕਰਕੇ ਤਕਰੀਬਨ ਅਲੋਪ ਹੀ ਹੋ ਗਈ ।

*ਪੰਜਾਬ ਦੀ ਗਾਇਕੀ ਦੇ ਚਾਰ ਪ੍ਰਮੁਖ ਘਰਾਣੇ ਹਨ :*

1. ਪਟਿਆਲਾ ਘਰਾਣਾ, 2. ਸ਼ਾਮ ਚੁਰਾਸੀ ਘਰਾਣਾ, 3. ਤਲਵੰਡੀ ਘਰਾਣਾ, 4. ਹਰਿਆਣਾ ਘਰਾਣਾ

ਸ਼ਾਮ ਚੁਰਾਸੀ ਘਰਾਣੇ ਨੂੰ ਅਗਾਂਹ ਤੋਰਨ ਵਾਲੇ ਬਾਬਾ ਕਰੀਮ ਬਖ਼ਸ਼ ਦੇ ਪੋਤਰੇ ਉਸਤਾਦ ਨਜ਼ਾਕਤ ਅਲੀ ਖਾਂ, ਉਸਤਾਦ ਸਲਾਮਤ ਅਲੀ ਖਾਂ, ਵਿਸ਼ਵ ਜੇਤੂ ਗਵੱਈਏ ਹਨ । ਜਿਨ੍ਹਾਂ ਦੀ ਗਾਇਕੀ ਤੋਂ ਬਾਅਦ ਬੜੇ ਬੜੇ ਉਸਤਾਦ ਤੰਬੂਰੇ ਮੂਧੇ ਕਰ ਦਿੰਦੇ ਸਨ । ਇਹ ਲੋਕੀਂ ਜਦ ਵੀ ਪਾਕਿਸਤਾਨ ਤੋਂ ਹਿੰਦੁਸਤਾਨ ਫੇਰੀ ਮਾਰਦੇ ਹਨ ਆਪਣੀ ਗਾਇਕੀ ਦੇ ਜ਼ੋਰ ਨਾਲ ਸਾਰੇ ਹਿੰਦੁਸਤਾਨ ਨੂੰ ਫਤਿਹ ਕਰਕੇ ਮੁੜਦੇ ਹਨ ।

ਇਸੇ ਹੀ ਘਰਾਣੇ ਦੇ ਇਕ ਹੋਰ ਉਸਤਾਦ ਮਾਸਟਰ ਰਤਨ ਹਨ, ਜਿਨ੍ਹਾਂ ਨੇ ਸਾਰੇ ਹੀ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਵੱਡੇ ਤੋਂ ਵੱਡੇ ਸੰਗੀਤ ਸੰਮੇਲਨਾਂ ਵਿਚ ਆਪਣੀ ਗਾਇਕੀ ਦੀ ਧਾਕ ਜਮਾਈ । ਪਿਛਲੇ 70 ਸਾਲਾਂ ਤੋਂ ਵਧੀਆ ਨਮੂਨੇ ਦੀ ਗਾਇਕੀ ਪੇਸ਼ ਕਰਕੇ ਆਪ ਸਰੋਤਿਆਂ ਦੇ ਦਿਲ ਅਤੇ ਦਿਮਾਗ ਤੇ ਛਾਏ ਰਹੇ ।

ਮਾਸਟਰ ਰਤਨ ਦਾ ਜਨਮ 10 ਨਵੰਬਰ 1914 ਨੂੰ ਹਦੀਆਬਾਦ (ਫਗਵਾੜਾ) ਵਿਖੇ ਹੋਇਆ । ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਪੂਰਨ ਚੰਦ ਅਤੇ ਬਾਬੇ ਦਾ ਨਾਮ ਸ੍ਰੀ ਘੁਲਦੂ ਰਾਮ ਸੀ । ਬਾਬਾ ਘੁਲਦੂ ਰਾਮ ਜੀ ਧਰੁਪਦ ਅਤੇ ਧਮਾਰ ਦੇ ਚੰਗੇ ਗਾਇਕ ਸਨ ਅਤੇ ਪਿਤਾ ਪੂਰਨ ਚੰਦ ਜੀ ਧਰੁਪ੍ਦ ਧਮਾਰ ਤਾਂ ਗਾਉਂਦੇ ਹੀ ਸਨ ਇਸ ਤੋਂ ਇਲਾਵਾ ਚੰਗੀ ਸਿਤਾਰ ਵੀ ਵਜਾਉਂਦੇ ਸਨ ।

ਮਾਸਟਰ ਜੀ ਨੇ ਮੁੱਢਲੀ ਵਿੱਦਿਆ ਆਪਣੇ ਪਿਤਾ ਜੀ ਤੋਂ ਲਈ । ਉਸ ਤੋਂ ਉਪਰੰਤ ਮੌਲਾ ਬਖਸ਼ ਫਗਵਾੜੇ ਵਾਲਿਆਂ ਤੋਂ ਤਾਲੀਮ ਹਾਸਿਲ ਕਰਦੇ ਰਹੇ । ਪੰਜਾਬ ਦੇ ਘਰਾਣਿਆਂ ਨੇ ਸਮੇਂ ਅਨੁਸਾਰ ਆਪਣੀ ਧਰੁਪਦ ਅਤੇ ਧਮਾਰ ਅੰਗ ਗਾਇਕੀ ਵਿਚ ਤਬਦੀਲੀ ਲਿਆਂਦੀ ਇਨ੍ਹਾਂ ਧਰੁਪਦੀ ਉਸਤਾਦਾਂ ਨੇ ਖਿਆਲ ਅੰਗ ਵਿਚ ਪਰਵੇਸ਼ ਕੀਤਾ ।

ਧਰੁਪਦ ਅਤੇ ਖਿਆਲ ਦੇ ਸੁਮੇਲ ਚੋਂ ਪੈਦਾ ਹੋਏ ਸੰਗੀਤ ਨੂੰ ਜੋ ਵੀ ਜੀਅ ਚਾਹੇ ਨਾਮ ਦੇ ਦੇਵੋ, ਪਰ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਜੋ ਇਸ ਸੁਮੇਲ ਚੋਂ ਮਿਠਾਸ ਪੈਦਾ ਹੋਈ ਹੈ ਉਹ ਹੋਰ ਪੂਰਬੀ ਘਰਾਣਿਆਂ ਵਿਚ ਨਹੀਂ । ਸੁਰਾਂ ਦੀ ਗਿਣਤੀ ਮਿਣਤੀ ਤੋਂ ਇਲਾਵਾ ਸੰਗੀਤ ਦਾ ਰਸ ਭਰਪੂਰ ਵੀ ਹੋਣਾ ਜ਼ਰੂਰੀ ਹੈ । ਪੰਜਾਬ ਦੇ ਗਵੱਈਆਂ ਵਿੱਚ ਇਹ ਰਸ ਮੌਜੂਦ ਹੈ । ਹਾਲੀਂ ਵੀ ਮਾਸਟਰ ਜੀ ਖਿਆਲ ਸ਼ੁਰੂ ਕਰਨ ਤੋਂ ਪਹਿਲਾਂ ਨੋਮ ਤੋਮ ਦੀ ਬੜਤ ਕਰਦੇ ਹਨ । ਫਿਰ ਖਿਆਲ ਸ਼ੁਰੂ ਕਰਦੇ ਹਨ । ਇਹ ਨੋਮ ਤੋਮ ਅਲਾਪ ਧਰੁਪਦ ਧਮਾਰ ਗਾਉਣ ਤੋਂ ਪਹਿਲਾਂ ਕੀਤਾ ਜਾਂਦਾ ਹੈ । ਪਹਿਲੇ ਅਲਾਪ, ਫਿਰ ਜੋੜ ਅਲਾਪ ਉਸ ਤੋਂ ਬਾਅਦ ਦੁਗਣ ਅਤੇ ਚੌਗੁਣ ਵਿਚ ਜਾ ਕੇ ਖਤਮ ਹੁੰਦਾ ਹੈ ਤੇ ਫਿਰ ਬੰਦਸ਼ ਸ਼ੁਰੂ ਹੁੰਦੀ ਹੈ । ਤਬਲੇ ਜਾਂ ਪਖਾਵਜ ਵਾਲਾ ਸਾਥ ਦੇ ਬੋਲ ਵਜਾਉਂਦਾ ਹੈ । ਇਸੇ ਗਾਇਕੀ ਨੂੰ ਪੰਜਾਬ ਦੇ ਉਸਤਾਦ ਲੋਕਾਂ ਨੇ ਖਿਆਲ ਗਾਇਕੀ ਵਿੱਚ ਢਾਲ ਲਿਆਂ ।

ਛੋਟੀ ਉਮਰ ਵਿਚ ਹੀ ਮਾਸਟਰ ਜੀ ਨੇ ਚੰਗੇ ਧਰੁਪਦ ਯਾਦ ਕਰ ਲਏ । ਪਿਤਾ ਜੀ ਨੂੰ ਸ਼ੌਂਕ ਸੀ ਕਿ ਮੇਰਾ ਪੁੱਤਰ ਵੱਡਾ ਗਵੱਈਆ ਬਣੇ । ਸੋ ਉਨ੍ਹਾਂ ਨੇ ਮਾਸਟਰ ਜੀ ਨੂੰ ਕੋਲ ਬਿਠਾਕੇ ਰਿਆਜ਼ ਕਰਵਾਇਆ । ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਾਸਟਰ ਜੀ ਛੋਟੀ ਉਮਰ ਵਿਚ ਹੀ ਸਟੇਜ਼ ਤੇ ਆ ਗਏ । ਗਾਉਣ ਦੇ ਸ਼ੌਕ ਨੇ ਸਕੂਲ ਦੀ ਵਿੱਦਿਆ ਛੁਡਵਾ ਦਿੱਤੀ । ਆਪ ਨੇ ਸੰਗੀਤ ਦੇ ਵਿਦਿਆਰਥੀ ਬਣਕੇ ਰਿਆਜ਼ ਸ਼ੁਰੂ ਕਰ ਦਿੱਤਾ । ਉਨ੍ਹਾਂ ਦਿਨਾਂ ਵਿਚ ਸਭ ਤੋਂ ਅੱਛੇ ਕਲਾਕਾਰ ਨੂੰ ਮੈਡਲ ਦੇ ਕੇ ਇਜ਼ਤ ਅਫਜ਼ਾਈ ਕੀਤੀ ਜਾਂਦੀ ਸੀ ।

** ਸ੍ਰ. ਪਰਗਟ ਸਿੰਘ ਮਾਸਟਰ ਰਤਨ ਜੀ ਦੇ ਸ਼ਗਿਰਦ ਹਨ । ਅਜਕਲ੍ਹ ਅਮਰੀਕਾ ਵਿਖੇ ਕੀਰਤਨ ਅਤੇ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ ।*

1979 ਵਿਚ ਮੈਂ ਇੰਗਲੈਂਡ, ਅਮਰੀਕਾ ਤੋਂ ਵਾਪਿਸ ਇੰਡੀਆ ਗਿਆ। ਇੱਕ ਦਿਨ ਹਦੀਆਬਾਦ ਮਾਸਟਰ ਜੀ ਦੇ ਘਰ ਵੇਹੜੇ ਵਿਚ ਮੰਜੀ ਤੇ ਬੈਠਿਆਂ ਮੈਂ ਮਾਸਟਰ ਜੀ ਦੀ ਧਰਮ ਪਤਨੀ ਤੋਂ ਪੁੱਛਿਆ ਕਿ ਅੱਜ ਤੋਂ ਅੱਠ-ਦਸ ਸਾਲ ਪਹਿਲਾਂ ਮੈਂ ਮਾਸਟਰ ਜੀ ਦੀ ਇਕ ਫੋਟੋ ਦੇਖੀ ਸੀ ਜਿਸ ਵਿਚ ਮਾਸਟਰ ਜੀ ਦੇ ਗਲ ਵਿੱਚ ਮੈਡਲਾਂ ਦਾ ਹਾਰ ਪਾਇਆ ਹੋਇਆ ਹੈ। ਉਨ੍ਹਾਂ ਨੇ ਅੰਦਰੋਂ ਲਿਆਕੇ ਮੈਨੂੰ ਫੋਟੋ ਦਿਖਾਈ। ਮੈਂ ਫੋਟੋ ਤੇ ਮੈਡਲਾਂ ਨੂੰ ਬਹੁਤ ਗਹੁ ਨਾਲ ਦੇਖਿਆ। ਜੋ ਉਨ੍ਹਾਂ ਮੈਡਲਾਂ ਦੇ ਲਫਜ਼ ਉਕਰੇ ਹੋਏ ਸਨ। ਉਂਜ ਚੰਗੀ ਤਰਾਂ ਪੜ੍ਹੇ ਨਹੀਂ ਸਨ ਜਾਂਦੇ। ਮੈਂ ਬੀਜੀ ਤੋਂ ਪੁੱਛਿਆ ਕਿ ਇਹ ਮੈਡਲ ਕਿੱਥੇ ਗਏ। ਤਾਂ ਉਨ੍ਹਾਂ ਨੇ ਸਾਦਗੀ ਜਹੀ ਨਾਲ ਜਵਾਬ ਦਿੱਤਾ ਕਿ ਜਿਹੜੇ ਤਾਂ ਸੋਨੇ ਦੇ ਮੈਡਲ ਸਨ ਉਹ ਫੂਲਾਂ (ਮਾਸਟਰ ਜੀ ਦੀ ਲੜਕੀ) ਦੇ ਵਿਆਹ 'ਚ ਵਰਤ ਲਏ ਸਨ। ਅਸੀਂ ਵਿਆਹ ਤੇ ਸੋਨਾ ਮੁੱਲ ਨਹੀਂ ਲਿਆ, ਬਣਵਾਈ ਹੀ ਦਿਤੀ ਸੀ। ਮੈਂ ਫਿਰ ਪੁੱਛਿਆ ਕਿੰਨਾਂ ਕੁ ਸੋਨਾ ਸੀ। ਜਵਾਬ ਵਿੱਚ ਉਨ੍ਹਾਂ ਕਿਹਾ ਕਿ 12-13 ਤੋਲੇ ਸੋਨਾ ਸੀ। ਤੇ ਚਾਂਦੀ ਵਿਚੋਂ ਸ਼ਕੁੰਤਲਾ-ਚੇਨ ਬਣਵਾਕੇ ਵੀ ਬਚ ਗਈ ਸੀ। ਜਿਹੜੇ ਚਾਂਦੀ ਦੇ ਮੈਡਲ ਬਚੇ ਸਨ, ਮਹੀਨਾ ਕੁ ਹੋਇਆ ਅਸੀਂ ਵਟਾਕੇ ਚਾਂਦੀ ਦੇ ਭਾਂਡੇ ਲੈ ਲਏ। ਬੀਜੀ ਦੀਆਂ ਗੱਲਾਂ ਸੁਣਕੇ ਮੇਰਾ ਸਰੀਰ ਬਰਫ ਦਾ ਡਲਾ ਜੇਹਾ ਬਣ ਗਿਆ। ਮੇਰਾ ਰੋਣ ਵਰਗਾ ਮੂੰਹ ਦੇਖ ਕੇ ਕਹਿਣ ਲੱਗੇ ਐਵੇਂ ਦਿਲ ਥੋੜ੍ਹਾ ਨਾ ਕਰ। ਤੇਰੇ ਮਾਸਟਰ ਦੇ ਮੈਡਲ ਬਥੇਰ੍ਹੇ ਪਏ ਹਨ। ਮੈਂ ਉਤਸੁਕਤਾ ਨਾਲ ਉਹ ਮੈਡਲ ਦੇਖਣ ਲਈ ਕਿਹਾ। ਮੇਰੀ ਸ਼ਰਧਾ ਵੇਖ ਕੇ ਬੀਜੀ ਨੇ ਸਾਰੇ ਬਚੇ ਹੋਏ ਮੈਡਲ ਮੈਨੂੰ ਦੇ ਦਿੱਤੇ ਜੋ ਮੈਂ ਅਜੇ ਤੱਕ ਵਡਮੁੱਲੇ ਖਜ਼ਾਨੇ ਵਜੋਂ ਸਾਂਭੇ ਹੋਏ ਹਨ।

1949 ਤੋਂ 1953 ਤੱਕ ਮਾਸਟਰ ਜੀ ਲਖਨਊ ਰਹੇ। ਨਵਾਬਾਂ ਦੇ ਸ਼ਹਿਰ ਵਿਚ ਰਹਿਣ ਕਰਕੇ ਉਨ੍ਹਾਂ ਦੀ ਪੁਸ਼ਾਕ ਵਿਚ ਕੁਝ ਤਬਦੀਲੀ ਆਈ। ਉਹ ਹਰ ਰੋਜ਼ ਕਲੀਆਂ ਵਾਲਾ ਚਿੱਟਾ ਕੁੜਤਾ ਗਲੇ ਦੁਆਲੇ ਸੁੰਦਰ ਕਢਾਈ ਹੋਈ ਤੇ ਚਿੱਟਾ ਖੁੱਲ੍ਹੀ ਮੋਹਰੀ ਵਾਲਾ ਪਰੈਸ ਕੀਤਾ ਹੋਇਆ ਪਜਾਮਾ ਪਹਿਨਦੇ ਸਨ। ਜੇਕਰ ਕੁੜਤੇ ਜਾਂ ਪਜਾਮੇਂ ਦੀ ਕਰੀਜ਼ ਵਿਚ ਜ਼ਰਾ ਕੁ ਜਿੰਨਾ ਵੀ ਨੁਕਸ ਹੋਵੇ ਤਾਂ ਦੁਬਾਰਾ ਪਰੈਸ ਕਰਵਾਕੇ ਪਹਿਣਦੇ ਸਨ। ਜਿਹੜਾ ਕੱਪੜਾ ਅੱਜ ਪਹਿਣਿਆ ਕੱਲ ਨੂੰ ਨਹੀਂ ਪਹਿਨਣਾ। ਹਾਂ, ਗਰਮੀਆਂ ਦੇ ਮੌਸਮ ਵਿਚ ਦਿਨ ਵਿੱਚ ਦੋ ਵਾਰੀ ਤਾਂ ਬਦਲਿਆ ਜਾ ਸਕਦਾ ਹੈ। ਸਿਆਲ ਦੇ ਮੌਸਮ ਵਿਚ ਉਹ ਓਵਰ-ਕੋਟ ਪਹਿਨਦੇ ਸਨ। ਸਟੇਜ ਤੇ ਜਾਣ ਲੱਗਿਆਂ ਕਾਲੀ ਅਚਕਨ ਨਾਲ ਚਿੱਟਾ ਚੂੜੀਦਾਰ ਪਜਾਮਾ ਪਹਿਨਦੇ ਸਨ। ਸਿਰ ਤੇ ਰੂਮੀ ਟੋਪੀ ਤੇ ਪੈਰਾਂ ਵਿਚ ਹੱਥੀਂ ਪਾਲਿਸ਼ ਕੀਤੇ ਹੋਏ, ਬਿਨਾਂ ਤਸਮਿਆਂ ਦੇ ਬੂਟ ਪਾਉਂਦੇ ਸਨ। ਇਕ ਹੱਥ ਵਿਚ ਚਮੜੇ ਦਾ ਛੋਟਾ ਬੈਗ ਤੇ ਦੂਜੇ ਹੱਥ ਵਿਚ ਛੱਤਰੀ ਜ਼ਰੂਰ ਰੱਖਦੇ ਹਨ।

ਉਨ੍ਹਾਂ ਦੇ ਬੈਗ ਵਿਚ ਕੁਝ ਲਫਾਫੇ ਕੁਝ ਟਿਕਟਾਂ, ਇਕ ਲੈਟਰ ਪੈਡ, ਇੱਕ ਵਧੀਆ ਕੁਆਲਿਟੀ ਦਾ ਪੈਨ। ਇਹ ਡਾਕਖਾਨੇ ਦਾ ਸਾਰਾ ਸਮਾਨ ਨਾਲ ਹਮੇਸ਼ਾਂ ਰੱਖਣ ਦਾ ਇੱਕ ਖਾਸ ਕਾਰਨ ਹੈ। ਕਿਸੇ ਦੀ ਚਿੱਠੀ ਆਵੇ ਉਸਦਾ ਜਵਾਬ ਉਸੇ ਹੀ ਦਿਨ ਲਿਖਣਾ ਹੁੰਦਾ ਸੀ। ਇਸ ਤੋਂ ਇਲਾਵਾਂ ਇੱਕ ਸਿਗਰਟਾਂ ਦੀ ਡੱਬੀ ਤੇ ਲਾਈਟਰ ਵੀ ਹੋਣਾ ਜ਼ਰੂਰੀ ਹੈ ਕਿਉਂਕਿ ਦਿਨ ਵਿਚ ਦੋ ਜਾਂ ਤਿੰਨ ਸਿਗਰਟ ਪੀਂਦੇ ਸਨ। ਮੈਨੂੰ ਕਦੇ ਬੈਗ ਨੂੰ ਹੱਥ ਨਹੀਂ ਲਾਉਣ ਦਿੰਦੇ ਸਨ। ਕਹਿੰਦੇ ਸਨ ਸਰਦਾਰ ਜੀ ਇਸ ਬੈਗ ਨੂੰ ਹੱਥ ਨਹੀਂ ਲਾਉਣਾ। ਇਸ ਵਿਚ ਬਰੂਦ ਹੈ।

ਹੁਣ ਉਹਨਾਂ ਦੀ ਗਾਇਕੀ ਬਾਰੇ ਵੀ ਵਿਚਾਰ ਕਰਦੇ ਹਾਂ। ਲਖਨਊ ਰਹਿਣ ਸਮੇਂ ਉਨ੍ਹਾਂ ਦੀਆਂ ਰੇਡੀਉ ਤੋਂ ਆਈਟਮਾਂ ਆਮ ਹੁੰਦੀਆਂ ਸਨ। ਇਕ ਦਿਨ ਉਨ੍ਹਾਂ ਨਾਲ ਮੀਆਂ ਅਹਿਮਦ ਜਾਨ ਥਿਰਕਵਾ ਨੇ ਤਬਲੇ ਤੇ ਸੰਗਤ ਕੀਤੀ। ਸਵੇਰ ਦੀ ਆਈਟਮ ਵਿਚ ਮੀਆਂ ਜੀ ਨੇ ਸਿੱਧਾ ਠੇਕਾ ਹੀ ਰੱਖਿਆ। ਰਾਤ ਨੂੰ ਜਦੋਂ ਰੇਡੀਓ ਤੇ ਆਈਟਮ ਸ਼ੁਰੂ ਹੋਈ ਤਾਂ ਥਿਰਕਵਾ ਸਾਹਿਬ ਨੇ ਐਸਾ ਭਿੜ ਕੇ ਤਬਲਾ ਵਜਾਇਆ ਕਿ ਸਵੇਰ ਵਾਲੀਆਂ ਸਾਰੀਆਂ ਕਸਰਾਂ ਕੱਢ ਦਿੱਤੀਆਂ। ਜਾਂਦੇ ਹੋਏ ਮਾਸਟਰ ਜੀ ਨੂੰ ਆਸ਼ੀਰਵਾਦ ਦੇ ਕੇ ਗਏ, 'ਮਾਸਟਰ ਰਤਨ ਆਪ ਬਹੁਤ ਅੱਛਾ ਗਾਉਂਦੇ ਹੋ। ਖੁਸ਼ ਰਹੋ।'

1979 ਵਿਚ ਚੀਫ਼ ਮਨਿਸਟਰ ਸ੍ਰ. ਪ੍ਰਕਾਸ਼ ਸਿੰਘ ਬਾਦਲ ਨੇ ਮਾਸਟਰ ਜੀ ਨੂੰ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਦਾ ਪਿੱਤਲ ਦੀ ਪਲੇਟ ਤੇ ਉਕਰਿਆ ਹੋਇਆ ਮੌਡਲ, ਇੱਕ ਗਰਮ ਸ਼ਾਲ ਤੇ 3100 ਰੁਪਏ ਭੇਂਟ ਕੀਤੇ ਸਨ। ਇਸ ਤੋਂ ਬਿਨਾਂ ਵੀ ਬਹੁਤ ਸਾਰੇ ਸਨਮਾਨ ਮਾਸਟਰ ਜੀ ਨੂੰ ਮਿਲੇ ਹਨ।

ਉਨ੍ਹਾਂ ਦੇ ਇਕ ਸੰਗੀਤ ਉਪਾਸ਼ਕ ਡਾਕਟਰ ਭਗਤ ਰਾਮ ਨੇ ਉਨ੍ਹਾਂ ਦੇ ਗਾਣੇ ਤੋਂ ਪ੍ਰਭਾਵਿਤ ਹੋਕੇ ਆਪਣੀ ਦੁਕਾਨ ਦੇ ਉਪਰ ਚੁਬਾਰਾ ਪੁਵਾਕੇ ਮਾਸਟਰ ਜੀ ਦੇ ਹਵਾਲੇ ਕਰ ਦਿਤਾ। ਜਿਥੇ ਉਹ ਵੇਲੇ-ਕੁਵੇਲੇ ਆਰਾਮ ਕਰਦੇ ਹਨ ਅਤੇ ਸ਼ਾਗਿਰਦਾਂ ਨੂੰ ਤਾਲੀਮ ਵੀ ਦਿੰਦੇ ਸਨ।

ਮਾਸਟਰ ਜੀ ਨੇ ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਵੱਡੀਆਂ ਤੋਂ ਵੱਡੀਆਂ ਮਹਿਫਿਲਾਂ ਵਿਚ ਗਾਇਆ। ਪੰਜਾਬ ਦੀ ਵੰਡ ਤੋਂ ਪਹਿਲਾਂ ਮਾਸਟਰ ਜੀ ਲਾਹੌਰ ਰੇਡੀਉ ਸਟੇਸ਼ਨ ਤੋਂ ਕਈ ਸਾਲ ਗਾਉਂਦੇ ਰਹੇ। ਇਸ ਤੋਂ ਇਲਾਵਾ ਕਰਾਚੀ, ਸ਼ਿਕਾਰਪੁਰ, ਕੋਟਾ-ਬੂੰਦੀ, ਕਲਕੱਤਾ, ਲਖਨਊ, ਸ਼ਿਮਲਾ, ਨਾਗਪੁਰ, ਇਲਾਹਾਬਾਦ, ਜਲੰਧਰ ਰੇਡੀਉ ਸਟੇਸ਼ਨ ਅਤੇ ਬਾਵਾ ਹਰਬਲਭ ਸੰਗੀਤ ਸੰਮੇਲਨ ਵਿਚ ਕਈ ਵਾਰ ਗਾ ਚੁੱਕੇ ਹਨ। ਆਪਦੇ ਮਨ ਪਸੰਦ ਰਾਗਾਂ ਚੋਂ ਇਹ ਰਾਗ ਸਨ :

**ਸਵੇਰ ਵੇਲੇ** = ਅਹੀਰ ਭੈਰਵ, ਜੌਨਪੁਰੀ, ਮੀਆਂ ਦੀ ਤੋੜੀ, ਦੇਸੀ ਤੋੜੀ,
**ਦੁਪਹਿਰ ਵੇਲੇ** = ਬ੍ਰਿੰਦਾਵਨੀ ਸਾਰੰਗ, ਸ਼ੁਧ ਸਾਰੰਗ, ਮਧਮਾਦ ਸਾਰੰਗ,
**ਬਾਅਦ ਦੁਪਹਿਰ** = ਭੀਮ ਪਲਾਸੀ, ਮੁਲਤਾਨੀ, ਪਟਦੀਪ
**ਸ਼ਾਮ ਵੇਲੇ** = ਪੂਰੀਆ ਧਨਾਸਰੀ, ਯਮਨ, ਗੋਰਖ ਕਲਿਆਣ, ਮਧੁਵੰਤੀ

ਰਾਤ ਦੇ ਰਾਗ = ਜੈ ਜੈ ਵੰਤੀ, ਬਗੇਸ਼ਰੀ, ਮਾਲਕੌਂਸ, ਦਰਬਾਰੀ । ਮੌਸਮੀ ਰਾਗ = ਮੀਆਂ ਮਲ੍ਹਾਰ, ਸੂਰ ਮਲ੍ਹਾਰ, ਮੇਘ ਅਤੇ ਬਹਾਰ । ਠੁਮਰੀ ਗਾਉਣ ਵੇਲੇ = ਪੀਲੂ, ਖਮਾਜ, ਭੈਰਵੀ, ਅੱਧੀ ਰਾਤ ਤੋਂ ਬਾਅਦ ਉਹ ਰਾਗ ਦੇਸ ਵਿਚ ਗਾਕੇ ਬਹੁਤ ਪ੍ਰਭਾਵਿਤ ਕਰਦੇ ਹਨ ।

ਤਿੰਨਾਂ ਸਪਤਕਾਂ ਵਿਚ ਗਾਉਣ ਵਾਲੇ ਮਾਸਟਰ ਰਤਨ ਜਦ ਪੂਰਾ ਵੌਲੀਅਮ ਖੋਲ੍ਹਕੇ ਆਵਾਜ਼ ਲਗਾਉਂਦੇ ਹਨ ਤਾਂ ਮਾਈਕਰੋਫੋਨ, ਸਪੀਕਰ ਤੋਂ ਬਿਨਾਂ ਹਜ਼ਾਰਾਂ ਦੇ ਇਕੱਠ ਨੂੰ ਗਾਣਾ ਸੁਣਾਉਣ ਦੀ ਸਮਰਥਾ ਰੱਖਦੇ ਹਨ । ਇਉਂ ਮਹਿਸੂਸ ਹੁੰਦਾ ਹੈ ਕਿ ਚਾਰ ਗਵੱਈਏ ਇਕੱਠੇ ਬੈਠਕੇ ਗਾ ਰਹੇ ਹਨ ।

ਖਿਆਲ ਦੀ ਚੋਣ ਕਰਨ ਲੱਗਿਆਂ ਉਹ ਭਗਤੀ ਰਸ ਦੇ ਖਿਆਲ ਚੁਣਦੇ ਹਨ । ਉਹ ਗਾਉਂਦੇ ਗਾਉਂਦੇ ਭਾਵਕ ਹੋ ਜਾਂਦੇ ਹਨ ਤੇ ਬੈਰਾਗ ਵਿੱਚ ਆ ਜਾਂਦੇ ਹਨ । ਇਸੇ ਵਹਾਉ ਵਿੱਚ ਉਹ ਸਰੋਤਿਆਂ ਨੂੰ ਖਿੱਚਕੇ ਲੈ ਜਾਂਦੇ ਹਨ । ਇੱਕ ਮਹਿਫਿਲ ਦਾ ਬੈਰਾਗ-ਮਈ ਨਜ਼ਾਰਾ ਆਪਦੀ ਸੇਵਾ ਵਿੱਚ ਪੇਸ਼ ਕਰ ਰਿਹਾ ਹਾਂ :

ਇਹ ਗੱਲ ਸੰਨ 1967 ਦੀ ਹੈ । ਨਵੇਂ ਸ਼ਹਿਰ ਦੀ ਕਾਨਫਰੰਸ ਵਿਚ ਰਾਤ ਦੀ ਮਹਿਫਿਲ ਵਿਚ ਮਾਸਟਰ ਜੀ ਰਾਗ ਦਰਬਾਰੀ ਗਾ ਰਹੇ ਸਨ । ਸਟੇਜ ਬਹੁਤ ਹੀ ਵੱਡੀ ਬਣਾਈ ਗਈ ਸੀ । ਸਾਡੇ ਪਿੱਛੇ ਸਟੇਜ ਤੇ ਕੁਝ ਪ੍ਰਬੰਧਕ ਅਤੇ ਕੁਝ ਸਰੋਤੇ ਬੈਠੇ ਰਾਗ ਸੁਣ ਰਹੇ ਸਨ । ਉਨ੍ਹਾਂ ਦੀ ਗਿਣਤੀ 30-40 ਦੇ ਕਰੀਬ ਸੀ । ਰਾਗ ਪੂਰਾ ਜੋਬਨ ਵਿਚ ਸੀ । ਇੱਕ ਇੱਕ ਇਰਾਦੇ ਤੇ ਦਾਦ ਮਿਲ ਰਹੀ ਸੀ । ਵਿਲੰਬਤ ਖਿਆਲ ਦੇ ਅੰਤਰੇ ਦੇ ਬੋਲ ਸਨ

*ਹਮਰੇ ਆਜਜ਼ ਕੇ ਦੁਖ ਨਿਵਾਰੋ*
*ਤੁਮ ਹੋ ਹਿੰਦਲ ਵਲੀ ਮਹਾਰਾਜਾ ।*

ਮਾਸਟਰ ਜੀ ਇਨ੍ਹਾਂ ਬੋਲਾਂ ਨੂੰ ਲੈਕੇ ਅਲਾਪ (ਬੋਲ ਅਲਾਪ) ਕਰ ਰਹੇ ਸਨ । ਤਰ੍ਹਾਂ ਤਰ੍ਹਾਂ ਦੇ ਬਹਿਲਾਵੇ, ਕਰਕੇ ਇਹ ਬੇਨਤੀ ਰੂਪ ਵਿਚ ਕਹਿ ਰਹੇ ਸਨ । ਪਰਮਾਤਮਾਂ ਅੱਗੇ ਅਰਜ਼ੋਈ ਕਰ ਰਹੇ ਸਨ ਕਿ ਸਾਡੇ ਦੁੱਖ ਕੱਟੋ । ਸਰੋਤੇ ਬੈਰਾਗ ਵਿਚ ਆ ਗਏ । ਇਹ ਗਾਉਂਦੇ ਗਾਉਂਦੇ ਜਦ ਮਾਸਟਰ ਜੀ ਨੇ ਤਾਰ ਸਪਤਕ ਦਾ ਰੇ ਛੂਹਿਆ ਤਾਂ ਸਾਰੇ ਸਰੋਤਿਆਂ ਦੀ ਪੰਡਾਲ ਵਿਚੋਂ ਸਾਂਝੀ ਦਾਦ ਮਿਲੀ । ਇਕ ਸਰੋਤਾ ਸਟੇਜ ਦੇ ਪਿਛਲੇ ਪਾਸੇ ਬੈਠਾ ਸੀ ਉਹ ਏਨ੍ਹਾਂ ਭਾਵਕ ਹੋ ਗਿਆ ਕਿ ਉਸਦੀ ਲੇਰ ਨਿਕਲ ਗਈ । ਮੈਂ ਪਿੱਛੇ ਮੁੜਕੇ ਦੇਖਿਆ ਤਾਂ ਉਹ ਸੱਜਣ ਗੋਡਿਆਂ ਪਰਨੇ ਹੋਕੇ ਉਪਰ ਸ਼ਾਮਿਆਨੇ ਵੱਲ ਦੋਨੋਂ ਹੱਥ ਚੁੱਕੀ ਰੋਂਦੇ ਹੋਏ ਗਲੇ ਨਾਲ ਉਚੀ ਅਵਾਜ਼ ਵਿਚ ਕਹਿ ਰਿਹਾ ਸੀ, "ਮਾਸਟਰ ਜੀ ਸੀਨੇ 'ਚ 'ਵੋਹ' ਚੀਰ ਪਾਈ ਜਾਂਦੇ" ਉਸਦੀ ਇਸ ਦਾਦ ਨਾਲ ਸਾਰਾ ਪੰਡਾਲ ਤਾਲੀਆਂ ਨਾਲ ਗੂੰਜ ਉਠਿਆ । ਮੈਂ ਉਸ ਸੱਜਣ ਨੂੰ ਬਾਅਦ ਵਿਚ ਉਚੇਚੇ ਤੌਰ ਤੇ ਮਿਲਿਆ । ਉਹ ਸੱਜਣ ਦੀਨਾਂ ਕਵਾਲ ਜਲੰਧਰੀ ਦਾ ਸ਼ਗਿਰਦ ਸੀ, ਕਹਿਣ ਲੱਗਾ "ਮਾਸਟਰ ਨੇ ਸੁਰਾਂ ਦੀਆਂ ਐਸੀਆਂ ਹੁਝਾਂ ਮਾਰੀਆਂ ਕਿ ਸੀਨਾ ਪਾਟ ਗਿਆ । ਮੈਂ ਆਪਣੇ ਆਪ ਤੋਂ ਬਾਹਰ ਹੋ ਗਿਆ ਸੀ, ਸਰਦਾਰ ਜੀ !"

ਬਾਵਾ ਹਰਬੱਲਭ ਸੰਗੀਤ ਸੰਮੇਲਨ ਤੋਂ ਬਾਅਦ ਪੰਜਾਬ ਦੀਆਂ ਸੰਗੀਤਕ ਮਹਿਫਿਲਾਂ ਵਿਚੋਂ ਅੰਮ੍ਰਿਤਸਰ ਦੁਰਗਿਆਣੇ ਮੰਦਰ ਵਾਲੀ ਮਹਿਫਿਲ ਦੂਜੇ ਨੰਬਰ ਤੇ ਆਉਂਦੀ ਹੈ ਉਸਦੀ ਇਕ ਘਟਨਾ ਯਾਦ ਆ ਗਈ । ਇਹ ਮਹਿਫਿਲ ਹੋਲੀਆਂ ਦੇ ਤਿਉਹਾਰ ਤੇ ਹੁੰਦੀ ਹੈ ।

ਸੰਨ 1968 ਦੀ ਗੱਲ ਹੈ ਮਾਸਟਰ ਜੀ ਨੇ ਇਸ ਮਹਿਫਿਲ ਵਿਚ ਰਾਤ ਦੇ ਬਾਰਾਂ ਵਜੇ ਤੋਂ ਲੈ ਕੇ ਇੱਕ ਵਜੇ ਤਕ ਗਾਉਣਾ ਸੀ ਸਾਡੀ ਰਿਹਾਇਸ਼ ਦਾ ਪ੍ਰਬੰਧ ਦੁਰਗਿਆਨਾ ਮੰਦਰ ਦੀ ਸਰਾਂ ਵਿੱਚ ਹੀ ਸੀ । 10 ਕੁ ਵਜੇ ਮੈਂ ਮਾਸਟਰ ਜੀ ਨਾਲ ਤਾਸ਼ ਦੀ ਬਾਜ਼ੀ ਲਗਾ ਰਿਹਾ ਸੀ । ਕਿਸੇ ਦਰਵਾਜ਼ਾ ਖਟ-ਖਟਾਇਆ । ਮੈਂ ਉਠਕੇ ਦਰਵਾਜ਼ਾ ਖੋਲ੍ਹਿਆ ਤਾਂ ਦੇਖਿਆ ਇੱਕ ਪਤਲੇ ਸਰੀਰ ਵਾਲਾ ਲੰਬਾ ਜਿਹਾ ਸੱਜਣ ਬਾਹਰ ਖੜ੍ਹਾ ਹੈ । ਮੈਨੂੰ ਪੁੱਛਣ ਲੱਗੇ ਸਰਦਾਰ ਜੀ, ਮਾਸਟਰ ਜੀ ਅੰਦਰ ਹੀ ਹਨ । ਮੈਂ ਕਿਹਾ ਹਾਂ ਜੀ, ਤੁਸੀਂ ਅੰਦਰ ਆ ਜਾਉ । ਉਹ ਵੜਦਿਆਂ ਹੀ ਕਹਿਣ ਲੱਗੇ ਮਾਸਟਰ ਜੀ ਫਟਾ-ਫਟ ਤਿਆਰ ਹੋਕੇ ਸਟੇਜ ਤੇ ਪਹੁੰਚ ਜਾਵੋ । ਉਹ ਕਾਫੀ ਘਬਰਾਏ ਹੋਏ ਸਨ, ਮਾਸਟਰ ਜੀ ਉਸਨੂੰ ਜਾਣਦੇ ਸਨ । ਮਾਸਟਰ ਜੀ ਨੇ ਕਿਹਾ ਸੈਕਟਰੀ ਸਾਹਿਬ ਮੇਰੇ ਗਾਉਣ ਦਾ ਸਮਾਂ ਤਾਂ 12 ਵਜੇ ਹੈ । ਪਰ ਉਸਨੇ ਤਰਲਾ ਕੀਤਾ ਕਿ ਜਿੰਨੀ ਵੀ ਜਲਦੀ ਪਹੁੰਚ ਸਕਦੇ ਹੋ ਪਹੁੰਚ ਜਾਵੋ ਕਿਉਂਕਿ ਸਟੇਜ ਤੇ ਜੋ ਵੀ ਕਲਾਕਾਰ ਬੈਠਦਾ ਹੈ ਲੋਕੀਂ ਸੀਟੀਆਂ ਮਾਰਕੇ ਉਠਾ ਦਿੰਦੇ ਹਨ ।

10-15 ਮਿੰਟ ਵਿਚ ਹੀ ਅਸੀਂ ਤਿਆਰ ਹੋ ਗਏ । ਉਧਰ ਸਟੇਜ ਤੇ ਸੈਕਟਰੀ ਸਾਹਿਬ ਨੇ ਅਨਾਉਂਸ ਕਰ ਦਿੱਤਾ ਕਿ ਮਾਸਟਰ ਜੀ ਪਹੁੰਚ ਗਏ ਹਨ । ਇਹ ਸੁਣਕੇ ਅਸੀਂ ਸਟੇਜ ਦੇ ਪਿਛਲੇ ਪਾਸੇ ਦਾ ਪਰਦਾ ਪਾਸੇ ਕਰਕੇ ਸਟੇਜ ਤੇ ਪਹੁੰਚੇ ਤਾਂ ਕੀ ਦੇਖਦੇ ਹਾਂ ਕਿ ਅੱਧੇ ਲੋਕੀ ਖੜ੍ਹੇ ਹਨ । ਕੁਝ ਲੋਕੀ ਉਨ੍ਹਾਂ ਨੂੰ ਬੈਠਣ ਲਈ ਕਹਿ ਰਹੇ ਹਨ । ਬਹੁਤ ਹੀ ਸ਼ੋਰ ਸੀ, ਪੰਡਾਲ ਵਿੱਚ । ਉਹ ਸੰਗੀਤ ਮਹਿਫਿਲ ਨਹੀਂ ਬਲਕਿ ਰੋਸ਼ਨੀ ਦਾ ਮੇਲਾ ਲਗਦਾ ਸੀ ।

ਰੌਲੇ ਰੱਪੇ ਵਿਚ ਹੀ ਮਾਸਟਰ ਜੀ ਨੇ ਤਾਨਪੂਰਾ ਸੁਰ ਕੀਤਾ । ਇਸ ਮਹਿਫਿਲ ਵਿਚ ਮਾਸਟਰ ਜੀ ਦਾ ਸਾਥ ਮੈਂ ਅਤੇ ਹਰੀਦੇਵ ਦੇ ਰਹੇ ਸਾਂ । ਮੇਰੇ ਪਾਸ ਤਾਨਪੂਰਾ ਤੇ ਹਰੀਦੇਵ ਜੀ ਹਰਮੋਨੀਅਮ ਲੈ ਕੇ ਬੈਠੇ ਸਨ । ਮਾਸਟਰ ਜੀ ਨੇ ਸਾ ਲਗਾਇਆ ਅੱਗੋਂ 2-4 ਹਜ਼ਾਰ ਬੰਦਿਆਂ ਨੇ ਵੀ ਸਾ ਲਗਾ ਦਿਤਾ । ਕੁਝ ਸੀਟੀਆਂ ਤੇ ਕਈ ਕੁਝ ਹੋਰ । ਮਾਸਟਰ ਜੀ ਨੇ ਹਰੀਦੇਵ ਨੂੰ ਕਿਹਾ ਕਿ ਹਰਮੋਨੀਅਮ ਮੈਨੂੰ ਦੇਹ । ਹਰੀਦੇਵ ਜੀ ਨੇ ਉਠਕੇ ਹਰਮੋਨੀਅਮ ਮਾਸਟਰ ਜੀ ਅੱਗੇ ਰੱਖ ਦਿਤਾ ।

ਮਾਸਟਰ ਜੀ ਨੇ ਮਾਈਕਰੋਫੋਨ ਦੇ ਨਾਲ ਮੂੰਹ ਲਗਾਕੇ ਬੜੇ ਜ਼ੋਰ ਦੀ ਕਿਹਾ "ਮੇਰੇ ਪੰਜਾਬੀ ਭਰਾਵੋ, ਮੈਂ ਪੰਜਾਬੀ ਗਵੱਈਆ ਹਾਂ ਤੁਸੀਂ ਜੋ ਵੀ ਚਾਹੋਗੇ, ਮੈਂ ਉਹੀ ਸੁਣਾਵਾਂਗਾ । ਮੈਂ ਪੰਜਾਬੀ ਗੀਤ ਕੀ, ਬੋਲੀਆਂ ਵੀ ਪਾਉਂਣ ਜਾਣਦਾ ਹਾਂ । ਤੁਹਾਨੂੰ ਸਭ ਨੂੰ ਖੁਸ਼ ਕਰਕੇ ਹੀ ਉਠਾਂਗਾ । ਪਰ ਜਿਨ੍ਹਾਂ ਸੱਜਣਾਂ ਨੇ ਮੈਨੂੰ ਬੁਲਾਇਆ ਹੈ ਉਨ੍ਹਾਂ ਨੂੰ ਰਾਗ ਸੁਣਾਉਣ ਲਈ ਸਿਰਫ ਪੰਜ ਮਿੰਟ ਦਿਉ ।"

ਮਾਸਟਰ ਜੀ ਦੀ ਇਹ ਗੱਲ ਸੁਣਕੇ ਅੱਧਾ ਰੌਲਾ ਖਤਮ ਹੋ ਗਿਆ । ਮਾਸਟਰ ਜੀ ਨੇ ਨਾ ਹੀ ਅਲਾਪ ਕੀਤਾ ਨਾ ਹੀ ਬਿਲੰਵਤ ਖਿਆਲ ਸ਼ੁਰੂ ਕੀਤਾ । ਬਲਕਿ ਦੁਰਤ ਲੈਅ ਵਿਚ ਰਾਗ ਬਹਾਰ ਸ਼ੁਰੂ ਕਰ ਦਿਤਾ । ਅਸਥਾਈ ਦੇ ਬੋਲ ਸਨ

*ਬਹਾਰ ਆਈ, ਸਕਲ ਬਨ ਫੂਲਨ ਲਾਗੀ ਕਲੀਆਂ*

ਸਥਾਈ ਅੰਤਰਾ ਕਹਿਣ ਤੋਂ ਬਾਅਦ ਦੋ ਚਾਰ ਲੱਛੇਦਾਰ ਸਰਗਮਾਂ ਕਹੀਆਂ, ਦੋ ਚਾਰ ਤਬਲੇ ਵਾਲੇ ਨਾਲ ਅੜਕੇ ਤਿਹਾਈਆਂ ਮਾਰੀਆਂ । ਇਹ ਸਾਰਾ ਕੰਮ ਪਹਿਲਿਆਂ ਦੋ ਤਿੰਨਾਂ ਮਿੰਟਾਂ ਵਿਚ ਹੀ ਕੀਤਾ ਗਿਆ । ਹੁਣ ਬਿਲਕੁਲ ਚੁੱਪ ਚਾਪ ਸੀ । ਸਰੋਤਿਆਂ ਨੂੰ ਪੰਜ ਮਿੰਟ ਕਹਿਕੇ ਮਾਸਟਰ ਜੀ 35 ਮਿੰਟ ਗਾਉਂਦੇ ਰਹੇ । ਬਿਜਲੀ ਭਲਵਾਨ ਦਾ ਪੁੱਤਰ, ਸੱਦੀ, ਬਿਲਕੁਲ ਸਾਹਮਣੇ ਬੈਠਾ ਦਾਦ ਦੇ ਰਿਹਾ ਸੀ । ਗਾਣਾ ਖਤਮ ਹੋਣ ਤੇ ਉਚਾ ਹੱਥ ਚੁੱਕਕੇ ਕਹਿਣ ਲੱਗਾ "ਮਾਸਟਰ ਜੀ ਪੰਜਾਬੀ ਭੈਰਵੀ ਹੋ ਜਾਏ" ਹੁਣ ਮਹਿਫਿਲ ਵਿਚ ਬਿਲਕੁਲ ਟਿੱਕ-ਟਿਕਾ ਸੀ । ਮਾਸਟਰ ਜੀ ਨੇ ਤਬਲੇ ਵਾਲੇ ਨੂੰ ਤਬਲਾ ਚੈਕ ਕਰਨ ਲਈ ਇਸ਼ਾਰਾ ਕੀਤਾ ।

ਪੰਜਾਬੀ ਭੈਰਵੀ ਸ਼ੁਰੂ ਹੋਈ ਤਾਂ ਬੋਲ ਸਨ :

*ਨਿੱਕਾ ਜਿੰਨਾਂ ਮਾਹੀ, ਨੀ ਮਜਾਜ਼ ਕਿੰਨੀ ਰੱਖਦਾ*
*ਅਸੀਂ ਤੱਕਦੇ ਰਹੇ, ਉਹ ਤਾਂ ਮੂਲੋਂ ਵੀ ਨਾ ਤੱਕਦਾ ।*

10-15 ਮਿੰਟ ਭੈਰਵੀ ਗਾਕੇ ਸਮਾਪਤੀ ਕੀਤੀ ਜ਼ੋਰ ਦੀ ਅਵਾਜ਼ਾਂ ਆਈਆਂ ਇਕ ਵਾਰੀ ਹੋਰ, (once more) ਮਾਸਟਰ ਜੀ ਨੇ ਦੋਨੋਂ ਹੱਥ ਜੋੜਕੇ ਸਭ ਦਾ ਧੰਨਵਾਦ ਕੀਤਾ । ਅਸੀਂ ਸਟੇਜ ਤੋਂ ਉਠਕੇ ਸਿੱਧੇ ਆਪਣੇ ਕਮਰੇ ਵਿੱਚ ਪਹੁੰਚ ਗਏ । ਅੱਜ ਮਾਸਟਰ ਜੀ ਬਹੁਤ ਖੁਸ਼ ਸਨ । ਮੈਂ ਕਿਹਾ ਕਿ "ਮਾਸਟਰ ਜੀ ਅੱਜ ਤੁਸੀਂ ਬਹੁਤ ਜ਼ੋਰ ਲਗਾਇਆ ।" ਕਹਿਣ ਲੱਗੇ, "ਪਰਗਟ ਸਿੰਘ ਜੀ ਵਿਗੜੀ ਹੋਈ ਮਹਿਫਿਲ ਨੂੰ ਕਾਬੂ ਕਰਨਾ ਕਿਸੇ ਮਾਈ ਦੇ ਲਾਲ ਦਾ ਹੀ ਕੰਮ ਹੈ । "ਮੈਂ ਕਿਹਾ, "ਮਾਸਟਰ ਜੀ ਅੱਜ ਤਾਂ ਤੁਸੀਂ ਸਾਬਤ ਕਰ ਦਿੱਤਾ ਕਿ ਤੁਸੀਂ ਸੱਚਮੁੱਚ ਮਾਈ ਦੇ ਲਾਲ ਹੋ ।" ਕਹਿਣ ਲੱਗੇ ਹਾਂ, ਇਹ ਤਾਂ ਹੈ ਉਨ੍ਹਾਂ ਦੇ "ਇਹ ਤਾਂ ਹੈ" ਕਹਿਣ ਤੋਂ ਬਾਅਦ ਅਸੀਂ ਬਹੁਤ ਹੱਸੇ ।

ਏਨੀ ਬੁਲੰਦੀ ਤੇ ਹੁੰਦਿਆਂ ਹੋਇਆ ਉਨ੍ਹਾਂ ਨੇ ਕਦੇ ਘੁਮੰਡ ਨਹੀਂ ਕੀਤਾ ਬਲਕਿ ਫਲਦਾਰ ਪੌਦੇ ਦੀ ਤਰ੍ਹਾਂ ਹੋਰ ਵੀ ਝੁੱਕ ਜਾਂਦੇ ਹਨ । ਉਹ ਇਹ ਸ਼ੇਅਰ ਆਮ ਕਹਿੰਦੇ ਹਨ ।

*ਮੇਰੇ ਕਮਾਲ ਕੋ ਹਰਗਿਜ਼ ਜ਼ਵਾਲ ਨਹੀਂ ।*
*ਕਮਾਲ ਤੋ ਯੇਹ ਹੈ ਕਿ ਮੁਝ ਮੇਂ ਕੋਈ ਕਮਾਲ ਨਹੀਂ ।*

ਹੁਸ਼ਿਆਰਪੁਰ ਬਸੰਤ ਪੰਚਮੀ ਤੇ ਗਵਾਲੀਅਰ ਦੇ ਬਜ਼ੁਰਗ ਉਸਤਾਦ ਪੰਡਿਤ ਕ੍ਰਿਸ਼ਨਾ ਰਾਉ ਸ਼ੰਕਰ ਵੀ ਮਹਿਫਿਲ ਵਿਚ ਸਾਹਮਣੇ ਬੈਠੇ ਮਾਸਟਰ ਜੀ ਦਾ ਗਾਣਾ ਸੁਣਦੇ ਰਹੇ, ਅਤੇ ਖੁਸ਼ ਹੁੰਦੇ ਰਹੇ । ਪੰਡਿਤ ਜੀ ਨੇ ਮਾਸਟਰ ਜੀ ਨੂੰ ਬੜੀ ਦਾਦ ਦਿਤੀ । ਇਸ ਮਹਿਫਿਲ ਦੀ ਆਖਰੀ ਆਈਟਮ ਪੰਡਿਤ ਕ੍ਰਿਸ਼ਨਾ ਰਾਉ ਸ਼ੰਕਰ ਦੇ ਗਾਣੇ ਨਾਲ ਖਤਮ ਹੋਣੀ ਸੀ ।

ਮਾਸਟਰ ਜੀ ਨੇ ਗਾਣਾ ਖਤਮ ਕੀਤਾ ਤਾਂ ਪੰਡਾਲ ਤਾਲੀਆਂ ਨਾਲ ਗੂੰਜ ਉਠਿਆ । ਮਾਸਟਰ ਜੀ ਨੇ ਸਰੋਤਿਆਂ ਦਾ ਦੋਨੋਂ ਹੱਥ ਜੋੜਕੇ ਧੰਨਵਾਦ ਕੀਤਾ । ਮਾਸਟਰ ਜੀ ਮਾਈਕ ਦੇ ਅੱਗੋਂ ਉਠਦੇ ਹੀ ਖੱਬੇ ਪਾਸੇ ਵਾਲੇ ਹਰਮੋਨੀਅਮ ਤੇ ਜਾ ਬੈਠੇ ਤੇ ਜਦ ਪੰਡਿਤ ਜੀ ਮਾਈਕ ਅੱਗੇ ਆਕੇ ਬੈਠ ਗਏ ਤਾਂ ਕੀ ਦੇਖਦੇ ਹਨ ਕਿ ਸੱਜੇ ਹੱਥ ਪਰੇਮ ਬੱਲਵ ਤਬਲੇ ਤੇ ਬੈਠਾ ਹੈ ਤੇ ਖੱਬੇ ਪਾਸੇ ਹਰਮੋਨੀਅਮ ਲੈ ਕੇ ਮਾਸਟਰ ਜੀ ਬੈਠੇ ਹਨ । ਸਵੇਰੇ ਸੈਰ ਕਰਦਿਆਂ-ਕਰਦਿਆਂ ਪੰਡਿਤ ਜੀ ਨੇ ਮੈਨੂੰ ਤਾਨਪੂਰੇ ਤੇ ਬੈਠਣ ਲਈ ਕਹਿ ਦਿਤਾ ਸੀ । ਪੰਡਿਤ ਜੀ ਨੇ ਹੋਲੇ ਜਹੇ ਮਾਸਟਰ ਜੀ ਵੱਲ ਦੇਖਕੇ ਪੁੱਛਿਆ "ਬਜਾਉਗੇ ?" "ਹਾਂ ਜੀ ਜ਼ਰੂਰ" ਮਾਸਟਰ ਜੀ ਨੇ ਝੁੱਕ ਕੇ ਕਿਹਾ । ਪੰਡਿਤ ਜੀ ਮਾਈਕ ਫੜ੍ਹਕੇ ਕਹਿਣ ਲੱਗੇ । "ਅੱਜ ਮੇਰੇ ਸਾਥ ਪੰਜਾਬ ਕੇ ਸਰਬ ਸ੍ਰੇਸ਼ਟ ਗਵੱਈਆ ਮਾਸਟਰ ਰਤਨ ਹਰਮੋਨੀਅਮ ਪਰ ਸੰਗਤ ਕਰ ਰਹੇ ਹੈਂ ।" ਸਾਰੇ ਪੰਡਾਲ ਵਿਚ ਤਾਲੀਆਂ ਗੂੰਜੀਆਂ । ਮਾਸਟਰ ਜੀ ਨੇ ਜਵਾਬ ਵਿਚ ਕਿਹਾ । "ਹਮ ਤੋਂ ਆਪ ਕੇ ਬੱਚੇ ਹੈਂ ਆਪ ਕਾ ਅਸ਼ੀਰਵਾਦ ਚਾਹੀਏ" । ਗਾਣਾ ਸ਼ੁਰੂ ਹੋ ਗਿਆ । ਪੰਡਿਤ ਜੀ ਦੇ ਪਿੱਛੇ ਉਨ੍ਹਾਂ ਦੇ ਸਪੁੱਤਰ ਅਤੇ ਮੈਂ ਤਾਨਪੂਰੇ ਤੇ ਸੰਗਤ ਕਰ ਰਹੇ ਸੀ । ਮਾਸਟਰ ਜੀ ਨੇ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਵੀ ਤਾਰ 'ਸਾ' ਲਗਾਵਾਂ । ਜਦ ਮੈਂ ਸੁਰ ਲਗਾਇਆ, ਮੈਂ ਦੇਖਿਆ ਕਿ ਮਾਸਟਰ ਜੀ ਦਾ ਖੁਸ਼ੀ ਨਾਲ ਰੰਗ ਲਾਲ ਹੋ ਗਿਆ ।

ਮਾਸਟਰ ਜੀ ਆਪਣੇ ਸ਼ਗਿਰਦਾਂ ਨੂੰ ਸੰਗੀਤ ਦੀ ਵਿੱਦਿਆ ਦੇ ਨਾਲ ਨਾਲ ਹੋਰ ਗੁਣਾਂ ਦੀ ਵੀ ਸਿੱਖਿਆ ਦਿੰਦੇ ਹਨ । ਹਰ ਇਕ ਨਾਲ ਮਿੱਠਾ ਬੋਲਣਾ । ਛੋਟੇ ਵੱਡੇ ਸਾਰਿਆਂ ਦਾ ਸਤਿਕਾਰ ਕਰਨਾ । ਬਜ਼ੁਰਗਾਂ ਦਾ ਅਸ਼ੀਰਵਾਦ ਲੈਣਾ ।

ਉਹ ਕਹਿੰਦੇ ਹਨ ਕਿ ਉਸਤਾਦ ਲੋਕਾਂ ਦਾ ਅਦਬ ਕਰੋਗੇ ਤਾਂ ਤੁਹਾਡੇ ਸੁਰ ਕਲਾਮ ਵਿਚ ਬਹੁਤ ਵਾਧਾ ਹੋਵੇਗਾ ।

ਉਨ੍ਹਾਂ ਦੇ ਇਹ ਬੋਲ ਹਰ ਸ਼ਗਿਰਦ ਲਈ ਲਾਜ਼ਮੀ ਹਨ ।
*ਬਾ-ਅਦਬ, ਬਾ-ਨਸੀਬ*
*ਬੇ-ਅਦਬ, ਬਦ ਨਸੀਬ ।*

# ਇੱਕੀਵੀ ਸਦੀ ਅਤੇ ਸਿੱਖ ਪੰਥ ਦਾ ਭਵਿਖ

ਕੁਲਦੀਪ ਸਿੰਘ, ਨਿਊਯਾਰਕ

ਸਿੱਖ ਪੰਥ ਦਾ ਉਜਲਾ ਭਵਿਖ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੀ ਸੇਧ ਉੱਪਰ ਬਹੁਤ ਹੱਦ ਤੱਕ ਆਧਾਰਤ ਹੈ । ਜੇ ਕਰ ਸਿੱਖ ਪੰਥ ਨੇ ਇਨ੍ਹਾਂ ਸਾਲਾਂ ਵਿੱਚ ਆਪਣੇ ਆਪ ਨੂੰ ਸਾਰੇ ਪੱਖਾਂ ਤੋਂ ਸੰਗਠਿਤ ਤੇ ਉੱਨਤ ਕਰਨ ਲਈ, ਯੋਜਨਾਬੱਧ ਤਰੀਕੇ ਨਾਲ ਚੇਤੰਨ ਉਪਰਾਲੇ ਨਾ ਕੀਤੇ ਤਾਂ ਸਿੱਖ ਦੋਖੀ ਸੰਸਾਰ ਭਰ ਵਿਚ ਸਿੱਖ ਪੰਥ ਲਈ ਗੰਭੀਰ ਰੁਕਾਵਟਾਂ ਖੜੀਆਂ ਕਰਕੇ ਖਾਲਸੇ ਨੂੰ ਹਰ ਪੱਖ ਤੋਂ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ ਕਰਨਗੇ ।

ਇਸ ਲਈ ਸਿੱਖ ਜਗਤ ਨੇ ਘਟ ਤੋਂ ਘਟ ੨੦੫੦ ਈਸਵੀ ਤੱਕ ਦਾ ਸਮਾਂ, ਖਾਸ ਕਰਕੇ ਤੇ ਉਸ ਪਿੱਛੋਂ ਸੁਭਾਵਕ ਹੀ, ਦੂਰ ਅੰਦੇਸ਼ੀ, ਆਤਮਿਕ ਸਥਿਰਤਾ, ਸਿਦਕ, ਸੰਤੋਖ, ਸਬਰ, ਸ਼ੁਕਰ, ਚੜ੍ਹਦੀ ਕਲਾ, ਕਰੜੀ ਮਿਹਨਤ, ਸਹਿਣ ਸ਼ਕਤੀ ਤੇ ਕੁਰਬਾਨੀ ਵਿੱਚ ਬਿਤਾਉਣਾ ਹੈ ।

ਇਸ ਪ੍ਰਾਪਤੀ ਲਈ ਹੇਠ ਲਿਖੇ ਵਿਸ਼ਿਆਂ ਬਾਰੇ ਕੁਝ ਸੁਝਾ ਬੜੀ ਨਿਮਰਤਾ ਸਹਿਤ ਦਿੱਤੇ ਜਾਂਦੇ ਹਨ :-

੧. ਧਾਰਮਿਕ ੨. ਸਮਾਜਿਕ ੩. ਸਦਾਚਾਰਕ ੪. ਆਰਥਿਕ

੫. ਵਿਦਿਅਕ ੬. ਸਿਹਤਕ ੭. ਰਾਜਨੀਤਕ

੮. ਸਿੱਖ ਮੀਡੀਆ (Sikh media)

੯. ਪੰਜਾਬੀ ਬੋਲੀ, ਗੁਰਮੁੱਖੀ ਲਿਪੀ, ਪੰਜਾਬੀ ਸਾਹਿਤ ਤੇ ਸਭਿਆਚਾਰ ।

## ਧਾਰਮਿਕ

(ੳ) ਸਿੱਖਾਂ ਵਿਚ ਆਈਆਂ ਬਹੁਤੀਆਂ ਕਮਜ਼ੋਰੀਆਂ, ਅੰਮ੍ਰਿਤ ਪ੍ਰਚਾਰ ਨਾਲ ਸੌਖੇ ਹੀ ਦੂਰ ਕੀਤੀਆਂ ਜਾ ਸਕਦੀਆਂ ਹਨ ।

(ਅ) ਪੰਜਾਂ ਪਿਆਰਿਆਂ, ਅਕਾਲ ਤਖ਼ਤ ਤੇ ਪੰਜਾਂ ਤਖ਼ਤਾਂ ਦੇ ਸੰਕਲਪ ਨੂੰ ਸਿੱਖ ਜਗਤ ਵਿਚ ਹੋਰ ਦ੍ਰਿੜ ਕੀਤਾ ਜਾਵੇ ।

(ੲ) ਗੁਰਬਾਣੀ, ਸਿੱਖ ਸਾਹਿਤ ਤੇ ਇਤਿਹਾਸ ਦੇ ਅਨੁਵਾਦ ਸੰਸਾਰ ਭਰ ਦੀਆਂ ਬੋਲੀਆਂ ਵਿੱਚ ਕਰਵਾਏ ਜਾਣ ।

(ਸ) ਸੰਸਾਰ ਭਰ ਵਿਚ ਸਿੱਖ ਲਾਇਬਰੇਰੀਆਂ ਤੇ ਅਜਾਇਬ ਘਰ ਸਥਾਪਤ ਕੀਤੇ ਜਾਣ ।

(ਹ) ਗਰੰਥੀਆਂ, ਪ੍ਰਚਾਰਕਾਂ, ਰਾਗੀਆਂ ਤੇ ਸਿੱਖ ਸਮਾਜ ਸੇਵੀਆਂ ਲਈ ਵਿਗਿਆਨਿਕ ਤੇ ਅਧੁਨਿਕ ਸਿਖਲਾਈ ਕੇਂਦਰ ਖੋਹਲੇ ਜਾਣ ।

(ਕ) ਸਿੱਖ ਖੋਜ ਸੰਸਥਾਵਾਂ ਖੋਹਲੀਆਂ ਜਾਣ ।

(ਖ) ਸਿੱਖ ਸੰਗੀਤ ਦੇ ਇਤਿਹਾਸ, ਇਸ ਦੀਆਂ ਰੀਤਾਂ, ਗਾਉਣ ਢੰਗ ਆਦਿ ਨੂੰ ਗੁਰੂ ਸਾਹਿਬਾਨ ਦੇ ਸਮੇਂ ਤੋਂ ਸੁਰਖਿਅਤ ਕਰਕੇ ਸੰਗੀਤ ਸੰਸਥਾਵਾਂ ਤੇ ਵਿਦਿਆਲਿਆਂ ਦੀ ਸਥਾਪਨਾ ਕੀਤੀ ਜਾਵੇ ਤੇ ਸਿੱਖ ਬੱਚਿਆਂ ਨੂੰ ਸਿੱਖ ਸੰਗੀਤ ਨਾਲ ਜੋੜਣ ਲਈ ਭਰਪੂਰ ਯਤਨ ਕੀਤੇ ਜਾਣ ।

(ਘ) ਸਿੱਖ ਸੰਸਾਰ ਵਿਚੋਂ ਚੋਣ ਘਮਸਾਨ ਨੂੰ ਖ਼ਤਮ ਕਰਨ ਲਈ ਸਿਖ ਗੁਰਦਵਾਰਿਆਂ ਤੇ ਸੰਸਥਾਵਾਂ ਦੇ ਵਿਧਾਨਾਂ ਨੂੰ ਸਿੱਖ ਰਹੁ ਰੀਤਾਂ ਅਨੁਸਾਰ ਤਬਦੀਲ ਕਰਕੇ ਪੰਜ ਪਿਆਰਿਆਂ ਅਨੁਸਾਰ ਸੇਵਾ ਤੇ ਤਿਆਗ ਦੀ ਭਾਵਨਾ ਸਥਿਤ ਕਤਿ ਜਾਵੇ ।

(ਙ) ਭਿੰਨ ਭਿੰਨ ਬੋਲੀਆਂ ਦੇ ਮਹਾਂ ਕੋਸ਼ਾਂ, ਡਿਕਸ਼ਨਰੀਆਂ ਤੇ ਪੁਸਤਕਾਂ ਵਿਚੋਂ ਸਿੱਖ ਧਰਮ ਤੇ ਸਿੱਖਾਂ ਵਿਰੁਧ ਪਾਏ ਜਾ ਰਹੇ ਭੁਲੇਖਿਆਂ ਨੂੰ ਦੂਰ ਕਰਨ ਲਈ ਭਰਪੂਰ ਯਤਨ ਕੀਤੇ ਜਾਣ ।

## ਸਮਾਜਿਕ

(ੳ) ਸਿੱਖਾਂ ਵਿੱਚ ਵਧ ਰਹੀ ਜ਼ਾਤ ਪਾਤ, ਊਚ ਨੀਚ ਤੇ ਹੋਰ ਵਖਰੇਵਿਆ ਵਿਰੁੱਧ ਇਕ ਜ਼ੋਰਦਾਰ ਲਹਿਰ ਚਲਾਉਣ ਹਿੱਤ ਸੰਸਥਾਵਾਂ ਦਾ ਨਿਰਮਾਣ ਕੀਤਾ ਜਾਵੇ ।

(ਅ) ਸਿੱਖ ਟੱਬਰਾਂ ਵਿਚ ਬਾਹਰਲੇ ਪ੍ਰਭਾਵਾਂ ਹੇਠ ਪੈ ਰਹੀਆਂ ਜਜ਼ਬਾਤੀ ਤਰੇੜਾਂ ਨੂੰ ਗੁਰਮਤਿ ਅਨੁਸਾਰ ਰੋਕਣ ਲਈ ਯੋਗ ਯਤਨ ਕੀਤੇ ਜਾਣ ।

(ੲ) ਬਿਰਧਾਂ, ਬੱਚਿਆਂ ਅਤੇ ਯੁਵਕ, ਯੁਵਤੀਆਂ ਦੀ ਸੁਚੱਜੀ ਸੰਭਾਲ ਲਈ ਬਿਰਧ ਘਰ, ਬਾਲ ਘਰ ਅਤੇ ਯੁਵਕ ਕੇਂਦਰ ਸਥਾਪਤ ਕੀਤੇ ਜਾਣ । ਘਰੇਲੂ ਕੰਮਾਂ ਦੀ ਸਿਖਲਾਈ ਦੇਣ ਦਾ ਯੋਗ ਪ੍ਰਬੰਧ ਕੀਤਾ ਜਾਵੇ ।

(ਸ) ਪਰਿਵਾਰਿਕ ਅਤੇ ਗ੍ਰਹਿਸਥੀ ਜੀਵਨ ਨੂੰ ਤਿੜਕਣ ਤੋਂ ਬਚਾਉਣ ਲਈ ਸਹਾਇਤਾ ਸੰਸਥਾਵਾਂ ਸਥਾਪਤ ਕੀਤੀਆਂ ਜਾਣ ।

(ਹ) ਸਿੱਖ ਯਤੀਮ ਖਾਨਿਆਂ ਅਤੇ ਅਪਾਹਜ ਸੰਭਾਲ ਕੇਂਦਰਾਂ ਦੀ ਉੱਨਤੀ ਅਤੇ ਹੋਰ ਕੇਂਦਰ ਸਥਾਪਤ ਕਰਨ ਦੇ ਜਤਨ ਕੀਤੇ ਜਾਣ ।

(ਕ) ਵਿਆਹ ਅਤੇ ਹੋਰ ਸਮਾਜਿਕ ਰਸਮਾਂ ਨੂੰ ਵਾਧੂ ਖਰਚ ਤੋਂ ਮੁਕਤ ਕੀਤਾ ਜਾਵੇ, ਵਿਧਵਾ ਵਿਆਹ ਉਤਸ਼ਾਹਿਤ ਕੀਤੇ ਜਾਣ ਅਤੇ ਤਲਾਕ ਦੀ ਵਧਦੀ ਕੁਰੀਤੀ ਨੂੰ ਠੱਲ੍ਹ ਪਾਉਣ ਹਿਤ ਗੁਰਮਤਿ ਅਨੁਸਾਰ ਜੀਵਨ ਢਾਲਣ ਦਾ ਪ੍ਰਚਾਰ ਕੀਤਾ ਜਾਵੇ ।

(ਖ) ਸਿੱਖ ਸੰਪਰਦਾਵਾਂ ਨੂੰ ਇਕ ਦੂਜੇ ਦੇ ਨੇੜੇ ਲਿਆਂਦਾ ਜਾਵੇ ਅਤੇ ਦਸਵੰਧ ਕੱਢਣ ਬਾਰੇ ਪ੍ਰੇਰਨਾ ਦਿੱਤੀ ਜਾਵੇ ।

## ਸਦਾਚਾਰਕ

(ੳ) ਸਿੱਖ ਸਦਾਚਾਰ ਨੂੰ ਗੁਰਮਤਿ ਅਨੁਸਾਰ ਉੱਚਾ ਕਰਨ ਲਈ ਚੋਰ ਬਾਜ਼ਾਰੀ, ਰਿਸ਼ਵਤਖੋਰੀ, ਮਿਲਾਵਟ ਆਦਿ ਕੁਰਤੀਆਂ ਵਿਰੁੱਧ ਮੁਹਿੰਮ ਚਲਾਈ ਜਾਵੇ ਅਤੇ ਇਸ ਮੰਤਵ ਲਈ ਵਿਸ਼ੇਸ਼ ਪ੍ਰਾਜੈਕਟ ਉਲੀਕ ਕੇ ਸਾਹਿਤ ਸਿਰਜਨਾ ਕਰਵਾਉਣ ਲਈ ਸੰਸਥਾਵਾਂ ਸਥਾਪਤ ਕੀਤੀਆਂ ਜਾਣ ।

(ਅ) ਸਿੱਖੀ ਆਸ਼ੇ ਅਨੁਸਾਰ ਜੀਵਨ ਪੱਧਰ ਉਚਾ ਚੁੱਕਣ ਲਈ ਇਸਤਰੀ ਤੇ ਮਰਦ ਦੀ ਬਰਾਬਰੀ ਨੂੰ ਅਧਾਰ ਬਣਾ ਕੇ ਨਿਮਰਤਾ, ਸੰਜਮ, ਸੇਵਾ, ਵੰਡ ਛਕਣ, ਸਹਿਣਸ਼ੀਲਤਾ ਅਤੇ ਸੰਤੋਖ ਆਦਿ ਹਾਂ ਪੱਖੀ ਗੁਣਾਂ ਨੂੰ ਪ੍ਰਚਾਰਨ ਲਈ ਵਿਸ਼ੇਸ਼ ਉੱਦਮ ਕੀਤੇ ਜਾਣ ।

## ਆਰਥਿਕ

(ੳ) 'ਸਰਬੱਤ ਦਾ ਭਲਾ' ਦੇ ਨਿਯਮ ਨੂੰ ਧਿਆਨ ਵਿਚ ਰੱਖ ਕੇ ਸੰਸਾਰ ਦੇ ਅਰਥ ਚਾਰੇ ਅਤੇ ਆਰਥਿਕ ਨਿਯਮਾਂ ਦੀ ਘੋਖ ਉਪਰੰਤ ਵਿਲੱਖਣ ਸਿੱਖ ਅਰਥ ਸ਼ਾਸਤਰ ਦੇ ਨਿਰਮਾਣ ਲਈ ਸਿੱਖ ਕੋ-ਆਪ੍ਰੇਟਿਵ ਬੈਂਕ, ਕਰੈਡਿਟ ਯੂਨੀਅਨ, ਤਕਨੀਕੀ ਸਿੱਖਿਆ ਕੇਂਦਰਾਂ, ਮਾਰਕੀਟ ਤੇ ਮੁਦਰਾ ਅਧਿਐਨ ਕੇਂਦਰ ਅਤੇ ਰੁਜ਼ਗਾਰ ਸਹਾਇਤਾ ਕੇਂਦਰ ਸਥਾਪਤ ਕੀਤੇ ਜਾਣ । ਅਰਥਚਾਰੇ ਦੇ ਸੰਸਾਰ ਪ੍ਰਵਾਨਿਤ ਨਿਯਮਾਂ ਦੇ ਆਧਾਰ ਤੇ, ਗੁਰਮਤ ਦੀ ਸੇਵਾ ਵਿਚ ਡੂੰਘੇ ਅਧਿਐਨ ਪਿੱਛੋਂ ਵੱਖਰੀ ਸਿੱਖ ਆਰਥਿਕ ਨੀਤੀ ਤਿਆਰ ਕੀਤੀ ਜਾਵੇ ਅਤੇ ਗੰਭੀਰਤਾ ਨਾਲ ਲਾਗੂ ਕੀਤੀ ਜਾਵੇ ।

## ਵਿੱਦਿਅਕ :

(ੳ) 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ' ਦੇ ਆਸ਼ੇ ਨੂੰ ਮੁੱਖ ਰੱਖ ਕੇ ਕਿੱਤਾ ਆਧਾਰਿਤ ਸਿੱਖ ਵਿੱਦਿਆ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇ ਜਿਨ੍ਹਾਂ ਵਿਚ ਲੋੜਵੰਦ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਉਚਿਤ ਵਜ਼ੀਫਿਆ ਦਾ ਪ੍ਰਬੰਧ ਕਤਿਾ ਜਾਵੇ ।

(ਅ) ਨਵੇਂ ਪੰਜਾਬੀ ਟਾਈਪ ਫੌਂਟਾਂ ਅਤੇ ਕੰਪਿਊਟਰ ਪ੍ਰਿੰਟਿੰਗ ਤਕਨਾਲੋਜੀ ਨੂੰ ਮੁੱਖ ਰੱਖ ਕੇ ਗੁਰਮੁਖੀ ਅੱਖਰ ਬਣਤਰ ਅਤੇ ਪੰਜਾਬੀ ਸ਼ਬਦ ਜੋੜਾਂ ਦੇ ਮਿਆਰੀ ਕਰਨ ਪਿੱਛੋਂ, ਨਵੇਂ ਨਵੇਂ ਵਿਗਿਆਨਿਕ ਵਿਸ਼ਿਆਂ ਦੀ ਮੁੱਢਲੀ ਪੜ੍ਹਾਈ ਦਾ ਮਾਤ ਭਾਸ਼ਾ ਵਿਚ ਹੀ ਪ੍ਰਬੰਧ ਕੀਤਾ ਜਾਵੇ ਜਿਸ ਵਿਚ ਅੰਤਰ ਰਾਸ਼ਟਰੀ ਤਕਨੀਕੀ ਸ਼ਬਦਾਵਲੀ ਹੀ ਵਰਤੀ ਜਾਵੇ ਤਾਂ ਜੋ ਇਨ੍ਹਾਂ ਵਿਸ਼ਿਆ ਦੀ ਉਚੇਰੀ ਸਿੱਖਿਆ ਪ੍ਰਾਪਤੀ ਸੌਖਿਆਂ ਹੀ ਕੀਤੀ ਜਾ ਸਕੇ ।

(ੲ) ਗੁਰਮਤਿ ਅਨੁਸਾਰ ਨੈਤਿਕ ਸਿੱਖਿਆ ਹਰ ਕਦਮ ਤੇ ਵਿੱਦਿਆ ਪ੍ਰਾਪਤੀ ਦੇ ਅੰਗ ਸੰਗ ਹੋਵੇ ਤਾਂ ਜੋ ਹਰ ਸਿੱਖ ਵਿਦਿਆਰਥੀ ਸੰਸਾਰ ਅਮਨ ਅਤੇ ਖੁਸ਼ਹਾਲੀ ਦਾ ਜ਼ਾਮਨ ਬਣ ਸਕੇ ।

## ਸਿਹਤਕ

(ੳ) ਸਿੱਖ ਨੌਜਵਾਨਾਂ ਦੀ ਦਿਨੋ ਦਿਨ ਨਿੱਘਰਦੀ ਸਿਹਤ ਦਾ ਕਾਰਨ ਗੁਰੂ ਅੰਗਦ ਦੇਵ ਜੀ ਦੇ ਪ੍ਰਚਲਿਤ ਕੀਤੇ ਅਖਾੜੇ ਜਾਂ ਪੇਂਡੂ ਪੰਜਾਬੀ ਖੇਡਾਂ ਅਤੇ ਪੰਜਾਬੀ ਅਰੋਗਤਾਦਾਇਕ ਭੋਜਨ ਤੋਂ ਦੂਰ ਹੋ ਜਾਣਾ ਹੈ । ਸਰੀਰਕ, ਮਨੋਵਿਗਿਆਨਿਕ, ਬੌਧਿਕ ਅਤੇ ਆਤਮਕ, ਹਰ ਪੱਧਰ ਤੇ ਅਰੋਗਤਾ ਯਕੀਨੀ ਬਣਾਉਣ ਲਈ ਹੇਠ ਲਿਖੇ ਉਦਮ ਕਰਨੇ ਜ਼ਰੂਰੀ ਹਨ :

(ਅ) ਚੰਗੇ ਸਿੱਖ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਉਤਸ਼ਾਹਿਤ ਕਰਨਾ ।

(ੲ) ਬਾਲਕਾਂ ਲਈ ਚੰਗੇ ਡੇ-ਕੇਅਰ ਕੇਂਦਰ ਸਥਾਪਤ ਕਰਨਾ ਜਿਨ੍ਹਾਂ ਵਿਚ ਸਰੀਰਕ ਮਾਨਸਕ ਅਤੇ ਬੌਧਿਕ ਪੱਖਾਂ ਤੋਂ ਅਰੋਗ ਕੌਮ ਦਾ ਨਿਰਮਾਣ ਕੀਤਾ ਜਾ ਸਕੇ ।

(ਸ) ਸਿਹਤਮੰਦ ਪੰਜਾਬੀ ਖਾਣਿਆਂ ਦੇ ਸਿੱਖਣ ਲਈ ਰਸੋਈ ਸਿੱਖਿਆ ਕੇਂਦਰ ਖੋਲ੍ਹਣੇ ਅਤੇ ਸੁਆਦਲੇ ਖਾਣੇ ਬਣਾਉਣ ਵਾਲਿਆਂ ਨੂੰ ਉਤਸ਼ਾਹਿਤ ਕਰਨਾ ।

## ਰਾਜਨੀਤਕ

(ੳ) 'ਖਾਲਸਾ ਜੀ ਕਾ ਬੋਲ ਬਾਲਾ' ਸੰਕਲਪ ਨੂੰ ਅਮਲੀ ਰੂਪ ਦੇਣ ਲਈ ਸਿੱਖ ਰਾਜਨੀਤੀ ਨੂੰ ਧਰਮ ਦਰਸ਼ਨ ਅਧੀਨ ਰੱਖ ਕੇ ਸੰਸਾਰ ਭਰ ਵਿਚ ਸਿੱਖ ਹੱਕਾਂ ਅਤੇ ਹਿਤਾਂ ਦੀ ਰਾਖੀ ਕਰਨੀ ।

(ਅ) ਸੰਯੁਕਤ ਰਾਸ਼ਟਰ, ਯੂਰਪ ਅਤੇ ਸੰਸਾਰ ਦੇ ਹੋਰ ਦੇਸ਼ਾਂ ਵਿਚ ਸਿੱਖ ਸੂਚਨਾ ਕੇਂਦਰ ਸਥਾਪਤ ਕਰਨੇ । ਇਨ੍ਹਾਂ ਕੇਂਦਰਾਂ ਰਾਹੀਂ ਸਿੱਖ ਦੋਖੀ ਪਰਚਾਰ ਦਾ ਟਾਕਰਾ ਕਰਨਾ ।

(ੲ) ਸਾਰੀਆਂ ਸਿੱਖ ਜਥੇਬੰਦੀਆਂ ਵਿਚਕਾਰ ਉਠਦੇ ਮਤਭੇਦਾਂ ਨੂੰ ਗੁਰਮਤਿ ਅਨੁਸਾਰ ਦੂਰ ਕਰ ਕੇ ਸਰਬਤ ਦੇ ਭਲੇ ਅਤੇ ਸੰਸਾਰ ਅਮਨ ਲਈ ਹੋਰ ਲੋਕ ਪੱਖੀ ਲਹਿਰਾਂ ਨਾਲ ਮਿਲ ਕੇ ਰਾਜਨੀਤਕ, ਸਮਾਜਿਕ ਅਤੇ ਆਰਥਿਕ ਬਰਾਬਰੀ ਲਈ ਯਤਨ ਕਰਨੇ ।

(ਸ) ਰਾਜਨੀਤੀ ਵਿਚ ਪੱਖਪਾਤ, ਅਧਰਮ ਅਤੇ ਝੂਠ ਆਦਿ ਕਮਜ਼ੋਰੀਆਂ ਦੂਰ ਕਰਨ ਲਈ ਲੀਡਰਸ਼ਿਪ ਕੈਂਪ ਅਤੇ ਸੈਮੀਨਾਰ ਆਦਿ ਆਯੋਜਿਤ ਕਰਨੇ ਅਤੇ ਵਿਚਾਰਾਂ ਦੀ ਭਿੰਨਤਾਂ ਦੂਰ ਕਰਨ ਲਈ ਪੰਜ ਪਿਆਰਿਆਂ ਦੇ ਹੁਕਮ ਦੀ ਪਾਲਣਾ ਜ਼ਰੂਰੀ ਬਣਾਉਣੀ ।

(ਹ) ਗੁਰਸਿੱਖ ਬੁੱਧੀਜੀਵੀਆਂ ਦੀ ਅਜਿਹੀ ਸ਼ਕਤੀਸ਼ਾਲੀ ਖੋਜ ਸੰਸਥਾ ਸਥਾਪਤ ਕਰਨੀ ਜੋ ਗੁਰਮਤਿ ਆਸ਼ੇ ਅਨੁਸਾਰ ਸਰਬੱਤ ਦੇ ਭਲੇ ਨੂੰ ਮੁੱਖ ਰੱਖਦੇ ਹੋਏ ਸੰਸਾਰ ਸਿਰਜਣ ਲਈ ਸੁਚੱਜੀ ਸੇਧ ਦੇ ਸਕੇ ।

## ਸਿੱਖ ਮੀਡੀਆ

ਸਿੱਖ ਦੋਖੀ ਤਾਕਤਾਂ ਸੰਸਾਰ ਭਰ ਵਿਚ ਸਿੱਖਾਂ ਬਾਰੇ ਅਤੇ ਸਿੱਖਾਂ ਵਿਚ ਗਲਤ ਫਹਿਮੀਆਂ ਫੈਲਾ ਰਹੀਆਂ ਹਨ । ਇਸ ਸਥਿਤੀ ਵਿਚ ਸਿਖ ਵਿਚਾਰਧਾਰਾ ਅਤੇ ਸਿੱਖ ਹਿਤਾਂ ਦੇ ਪ੍ਰਚਾਰ ਵਾਸਤੇ ਵਿਸ਼ੇਸ਼ ਜਤਨਾਂ ਵਜੋਂ ਹੇਠ ਲਿਖੇ ਉਪਰਾਲੇ ਕਰਨੇ ਯੋਗ ਹਨ :

(ੳ) ਵੱਖ ਵੱਖ ਦੇਸ਼ਾਂ ਵਿਚ ਪੰਜਾਬੀ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਵਿਚ ਅਖਬਾਰਾਂ, ਹਫਤਾਵਾਰੀ ਤੇ ਮਾਸਿਕ ਰਸਾਲੇ ਪ੍ਰਕਾਸ਼ਿਤ ਕਰਨੇ ਇਸ ਦੇ ਨਾਲ ਹੀ ਟੀ ਵੀ / ਰੇਡੀਓ ਤੋਂ ਪ੍ਰਗਰਾਮ ਕਰਨੇ ।

(ਅ) ਫਿਲਮ ਤੇ ਡਾਕੂਮੈਂਟਰੀ ਸਾਧਨਾਂ ਰਾਹੀਂ ਸਿੱਖ ਦ੍ਰਿਸ਼ਟੀਕੋਨ ਦਾ ਪ੍ਰਸਾਰ ਕਰਨਾ ਅਤੇ ਵਰਤਮਾਨ ਟੀ ਵੀ ਫਿਲਮਾਂ ਜਾਂ ਵੀਡੀਓ ਵਲੋਂ ਪੈ ਰਹੇ ਗਲਤ ਪ੍ਰਭਾਵ ਬਾਰੇ ਚੇਤੰਨ ਕਰਨਾ ।

(ੲ) ਸਿੱਖ ਧਰਮ ਵਿਚ ਦਸਵੰਧ ਦੀ ਪਰਾਪਟੀ ਤਾਂ ਪਹਿਲਾਂ ਹੀ ਹੈ ਪਰ ਅਜ ਕਲ ਆਮ ਸਿੱਖ ਆਪਣਾ ਕਰਤਵ ਨਹੀਂ ਨਿਭਾ ਰਿਹਾ । ਕੌਮ ਦੀ ਹਾਲਤ ਨੂੰ ਵੇਖ ਕੇ ਦਸਵੰਧ ਤੋਂ ਵੱਧ ਮਾਇਆ ਦੇਣ ਦੀ ਲੋੜ ਹੈ । ਨਿਜੀ ਸੁੱਖ ਦੇ ਸਾਧਨ ਜੁਟਾਨ ਤੋਂ ਵੱਧ ਕੌਮ ਤੇ ਧਰਮ ਦੀ ਮਜ਼ਬੂਤੀ ਲਈ ਸਾਧਨ ਜੁਟਾਏ ਜਾਣ ।

## ਬੋਲੀ, ਲਿਪੀ, ਸਾਹਿਤ ਤੇ ਸਭਿਆਚਾਰ

ਇਸ ਸਮੇਂ ਪੂਰੀ ਪੰਜਾਬੀਅਤ ਲਹੂ-ਲੁਹਾਨ ਹੋਈ ਪਈ ਹੈ ਇਸ ਲਈ ਸਿੱਖ ਸੰਸਾਰ ਨੂੰ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣਾ ਪਵੇਗਾ । ਇਹ ਫਰਜ਼ ਹੋਰ ਵੀ ਵਧ ਜਾਂਦਾ ਹੈ ਜਦੋਂ ਕਿ ਸਿੱਖਾਂ ਦਾ ਹਿਤ ਭਾਰਤੀ ਅਤੇ ਪਾਕਿਸਤਾਨੀ ਪੰਜਾਬ ਵਿਚ ਪੰਜਾਬ ਤੇ ਪੰਜਾਬੀਅਤ ਨੂੰ ਇਕ ਸਾਂਝੀ ਸ਼ਕਤੀ ਦੇ ਤੌਰ ਤੇ ਖੜਾ ਕਰਨ ਵਿਚ ਹੈ । ਇਸ ਸਬੰਧੀ ਹੇਠ ਲਿਖੇ ਜਤਨ ਕਰਨੇ ਚਾਹੀਦੇ ਹਨ :

(ੳ) ਹਰ ਇਕ ਸਿੱਖ ਨੂੰ, ਸਾਰੇ ਸੰਸਾਰ ਵਿਚ ਜਿੱਥੇ ਵੀ ਉਹ ਵਸਦਾ ਹੈ, ਆਪਣੇ ਘਰ ਵਿਚ, ਰਿਸ਼ਤੇਦਾਰਾਂ ਨਾਲ, ਸਮਾਜਿਕ ਤੇ ਧਾਰਮਿਕ ਸਮਾਗਮਾਂ ਵਿਚ ਅਤੇ ਹਰ ਪੰਜਾਬੀ ਨਾਲ ਪੰਜਾਬੀ ਬੋਲੀ ਵਿਚ ਹੀ ਗੱਲ ਕਰਨੀ ਚਾਹੀਦੀ ਹੈ ਅਤੇ ਬਾਕੀ ਪੰਜਾਬੀਆਂ ਨੂੰ ਪੰਜਾਬੀ ਬੋਲੀ ਤੇ ਸਾਹਿਤ ਲਈ ਉਤਸਾਹਿਤ ਕੀਤਾ ਜਾਵੇ ।

(ਅ) ਘਰਾਂ ਵਿਚ ਪੰਜਾਬੀ ਲੋਕ ਗੀਤਾਂ, ਨਾਚਾਂ, ਬੁਝਾਰਤਾਂ, ਅਖਾਣਾਂ ਤੇ ਪੰਜਾਬੀ ਖੇਡਾਂ ਨੂੰ ਉਤਸ਼ਾਹਿਤ ਕੀਤਾ ਜਾਵੇ ।

(ੲ) ਪੰਜਾਬ ਤੋਂ ਬਾਹਰ ਗੁਰਦਵਾਰਿਆਂ ਵਿਚ ਗੁਰਮੁਖੀ ਲਿਪੀ ਵਿਚ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ ।

(ਸ) ਪੰਜਾਬੀ ਬੋਲੀ, ਗੁਰਮੁਖੀ ਲਿਪੀ, ਪੰਜਾਬੀ ਸਾਹਿਤ ਤੇ ਸਭਿਆਚਾਰ ਦੇ ਪਸਾਰ ਲਈ ਕੈਂਪ ਲਗਾਣੇ ਜਾਣ । ਗੁਰਮੁਖੀ ਲਿਪੀ ਵਿਚ ਪੰਜਾਬੀ ਪੜ੍ਹਨ ਯੋਗ ਵਿਅਕਤੀਆਂ ਨੂੰ ਪੰਜਾਬੀ ਦੀਆਂ ਸਾਹਿਤਿਕ, ਇਤਿਹਾਸਿਕ ਤੇ ਧਾਰਮਿਕ ਪੁਸਤਕਾਂ ਪੜ੍ਹਨ ਲਈ ਪ੍ਰੇਰਿਆ ਜਾਵੇ ।

ਸਪਸ਼ਟ ਹੈ ਕਿ ਸਿੱਖ ਸੰਸਾਰ ਲਈ ਇਕੀਵੀਂ ਸਦੀ ਮਹੱਤਵਪੂਰਨ ਸਮਾਂ ਹੈ ਜਿਸ ਵਿਚ ਵੱਡੀਆਂ ਵੱਡੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਹੈ । ਇਸ ਮੰਤਵ ਲਈ ਕਈ ਸਿੱਖ ਸੰਸਥਾਵਾਂ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਇਨ੍ਹਾਂ ਸੰਸਥਾਵਾਂ ਦੇ ਵਿਧਾਨ ਸਿੱਖ ਆਸ਼ੇ ਅਨੁਸਾਰ ਤਿਆਰ ਕਰਨੇ ਹੋਣਗੇ । ਇਸ ਸਬੰਧੀ ਆਪਣੇ ਕੀਮਤੀ ਸੁਝਾ ਹੇਠਾ ਲਿਖੇ ਪਤੇ ਤੇ ਭੇਜਣ ਦੀ ਕਿਰਪਾਲਤਾ ਕਰੋ ਜੀ :


| | |
|---|---|
| ਕੁਲਦੀਪ ਸਿੰਘ | Kuldip Singh |
| 89-40 ਗਲੀ ਨੰ: 118 | 118th Street |
| ਰਿਚਮੰਡ ਹਿੱਲ | Richmond Hill |
| ਨਿਊਯਾਰਕ - 11418<br>ਅਮਰੀਕਾ | New York - 11418<br>(U.S.A.) |
| ਟੈਲੀਫੋਨ (718) 847-0135 | Tel. (718) 847-0135 |


## *ਭਾਈ ਹੀਰਾ ਸਿੰਘ ਜੀ ਦੀ ਯਾਦ ਵਿੱਚ ਸਮਾਗਮ*

ਗੁਰੂ ਘਰ ਦੇ ਅਦੁੱਤੀ ਕੀਰਤਨੀਏ ਅਤੇ ਪੰਥ ਦੇ ਅਨਮੋਲ ਰਤਨ ਭਾਈ ਸਾਹਿਬ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲੇ, ਜਿਨ੍ਹਾਂ ਨੇ ਇਸ ਸਦੀ ਦੀ ਪਹਿਲੀ ਚੌਥਾਈ ਵਿੱਚ ਵਿਦਿਅਕ, ਧਾਰਮਿਕ ਅਤੇ ਸਮਾਜ ਸੁਧਾਰਕ ਆਦਿ ਉਨੱਤੀ ਦੀ ਹਰ ਲਹਿਰ ਵਿੱਚ ਤਨ, ਮਨ ਅਤੇ ਧਨ ਨਾਲ ਵਧ ਚੜ੍ਹ ਕੇ ਹਿੱਸਾ ਪਾਇਆ, ਦੀ ਯਾਦ ਵਿੱਚ ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34, ਚੰਡੀਗੜ੍ਹ ਵਿਖੇ ਮਿਤੀ 22 ਨਵੰਬਰ 1997 ਨੂੰ ਵਿਸ਼ੇਸ਼ ਦੀਵਾਨ ਸਜਾਏ । ਇਹਨਾਂ ਵਿੱਚ ਭਾਈ ਅਮਰੀਕ ਸਿੰਘ ਜਖਮੀ, ਪ੍ਰਿੰ. ਨਰਿੰਦਰ ਸਿੰਘ ਕਲਕਤਾ ਅਤੇ ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਨੇ ਕੀਰਤਨ ਕੀਤਾ । ਸਿੰਘ ਸਾਹਿਬ ਗਿ: ਕੇਵਲ ਸਿੰਘ, ਗਿ: ਸਾਹਿਬ ਸਿੰਘ ਸ਼ਾਹਬਾਦ ਮਾਰਕੰਡਾ ਅਤੇ ਭਾਈ ਜਗਮੀਤ ਸਿੰਘ ਸਿਦਕੀ ਜੀ ਨੇ ਗੁਰਮਤਿ ਵਿਚਾਰਾਂ ਪੇਸ਼ ਕੀਤੀਆਂ । ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ ਵਲੋਂ ਹੇਠ ਲਿਖੀਆਂ ਪੰਥ ਜੱਥੇਬੰਦੀਆਂ, ਸੰਸਥਾਵਾਂ ਅਤੇ ਕੀਰਤਨੀਆਂ ਅਤੇ ਵਿਦਵਾਨਾਂ ਨੂੰ ਸਨਮਾਨਤ ਕੀਤਾ ।

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ (ਪ੍ਰਿੰ. ਰਾਮ ਸਿੰਘ ਜੀ), ਸਿੱਖ ਮਿਸ਼ਨਰੀ ਕਾਲਜ (ਪ੍ਰਿੰ. ਹਰਭਜਨ ਸਿੰਘ ਜੀ), ਨਿਸ਼ਕਾਮ ਸਿੱਖ ਵੈਲਫੇਅਰ ਕੌਸਲ ਰਜਿ. (ਪ੍ਰੋ. ਹਰਭਜਨ ਸਿੰਘ), ਇੰਸਟੀਚਿਊਟ ਆਫ ਸਿੱਖ ਸਟਡੀਜ਼ (ਡਾ. ਖੜਕ ਸਿੰਘ), ਬਾਬਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਤਾ (ਪ੍ਰਿੰ. ਬਲਜੀਤ ਸਿੰਘ), ਗੁਰਬਾਣੀ ਮਿਊਜ਼ਿਕ ਅਕੈਡਮੀ ਕਲਕਤਾ (ਪ੍ਰਿੰ. ਨਰਿੰਦਰ ਸਿੰਘ), ਭਾਈ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ, ਭਾਈ ਅਮਰੀਕ ਸਿੰਘ ਜ਼ਖਮੀ ਅਤੇ ਭਾਈ ਜਗਮੀਤ ਸਿੰਘ ਸਿਦਕੀ ।

# ਅੰਮ੍ਰਿਤ ਕੀਰਤਨ ਅਤੇ ਕੀਰਤਨ ਸਿਖਲਾਈ

ਸਾਡੇ ਕੋਲ ਅਨੇਕਾਂ ਪੱਤਰ ਆਉਂਦੇ ਹਨ ਜਿਹਨਾਂ ਵਿਚ ਕੋਈ ਐਸਾ ਤਰੀਕਾ ਪੁਛਿਆ ਹੁੰਦਾ ਹੈ ਜਿਸ ਨਾਲ ਘਰ ਬੈਠਿਆਂ ਕੀਰਤਨ ਸਿੱਖਿਆ ਜਾ ਸਕੇ । ਅਸੀਂ 'ਅੰਮ੍ਰਿਤ ਕੀਰਤਨ' ਵਿਚ ਸੁਰ ਲਿਪੀਆਂ ਦਿੰਦੇ ਹਾਂ । ਹਾਰਮੋਨੀਅਮ ਦਾ ਨਕਸ਼ਾ ਵੀ ਦਿੱਤਾ ਹੋਇਆ ਹੈ ਪਰ ਫਿਰ ਵੀ ਕੁਝ ਪਾਠਕ ਕਹਿੰਦੇ ਹਨ ਕਿ ਉਹਨਾਂ ਨੂੰ ਸੁਰ ਲਿਪੀ ਤੋਂ ਸ਼ਬਦ ਕੱਢਣਾ ਨਹੀਂ ਆਉਂਦਾ । ਇਕ ਦਿਨ ਸਾਡੇ ਸਤਿਕਾਰ ਯੋਗ ਸ੍ਰ. ਹਰਭਜਨ ਸਿੰਘ ਚੋਪੜਾ ਚਾਰਟਰਡ ਅਕਾਉਟੈਂਟ ਸਾਡੇ ਦਫਤਰ ਆਏ । ਆਪ ਗੁਰਦੁਆਰਾ ਸਾਚਾ ਧੰਨ ਫੇਜ਼-3, ਮੁਹਾਲੀ ਵਿੱਚ ਬੱਚਿਆਂ ਨੂੰ ਕੀਰਤਨ ਸਿਖਲਾਈ ਕਰਾਉਂਦੇ ਹਨ । ਆਪ ਨਾਲ ਜਦੋਂ ਕੀਰਤਨ ਸਿਖਲਾਈ ਦੀ ਗੱਲ ਕੀਤੀ ਤਾਂ ਉਹਨਾਂ ਜਿਹੜਾ ਪ੍ਰੋਗਰਾਮ ਬਣਾ ਕੇ ਦਿੱਤਾ ਉਸ ਅਨੁਸਾਰ ਜੇ ਕੀਰਤਨ ਸਿਖਣ ਦੀ ਕੋਸ਼ਿਸ ਕੀਤੀ ਜਾਵੇ ਤਾਂ ਜ਼ਰੂਰ ਕੀਰਤਨ ਕਰਨਾ ਆ ਜਾਵੇਗਾ ।

ਚੋਪੜਾ ਸਾਹਿਬ ਦਾ ਵਿਚਾਰ ਹੈ ਕਿ ਜਿਹੜਾ ਕੀਰਤਨ ਸਿੱਖਣ ਦਾ ਸ਼ੌਕ ਰੱਖਦਾ ਹੈ ਉਸ ਨੂੰ ਹਰ ਰੋਜ਼ ਘਟੋ-ਘੱਟ ਅੱਧਾ ਘੰਟਾ ਕੀਰਤਨ ਸਿੱਖਣ ਲਈ ਜ਼ਰੂਰ ਕੱਢਣਾ ਚਾਹੀਦਾ ਹੈ । ਜਿਹੜਾ ਅੱਧਾ ਘੰਟਾ ਵੀ ਨਹੀਂ ਕੱਢ ਸਕਦਾ ਉਸਨੂੰ ਕੀਰਤਨ ਸਿੱਖਣਾ ਸ਼ੁਰੂ ਹੀ ਨਹੀਂ ਕਰਨਾ ਚਾਹੀਦਾ । ਉਹ ਕੀਰਤਨ ਸੁਣ ਕੇ ਆਨੰਦ ਮਾਣੇ । ਗੁਰਬਾਣੀ ਵਿੱਚ ਕੀਰਤਨ ਸੁਣਨ ਦੀ ਵੀ ਬੜੀ ਮਹੱਤਤਾ ਹੈ । ਬੇਸੁਰਾ ਕੀਰਤਨ ਕਰਨ ਨਾਲੋਂ ਚੰਗਾ ਹੈ ਕਿ ਕੀਰਤਨ ਸੁਣਿਆ ਹੀ ਜਾਵੇ ।

ਕੀਰਤਨ ਸਿੱਖਣ ਸਮੇਂ ਕਾਹਲੀ ਨਹੀਂ ਕਰਨੀ ਸਹਿਜ ਨਾਲ ਚੱਲਣਾ ਚਾਹੀਦਾ ਹੈ । ਹਰ ਰੋਜ਼ ਅੱਧਾ ਘੰਟਾ ਅਭਿਆਸ ਕਰਨਾ ਹੈ । ਕੀਰਤਨ ਸਿੱਖਣ ਲਈ ਜਿਹੜਾ ਅੱਧਾ ਘੰਟਾ ਕਢਣਾ ਹੋਵੇ ਉਹ ਐਸਾ ਸਮਾ ਹੋਵੇ ਜਦੋਂ ਕੋਈ ਤੁਹਾਡੇ ਕੰਮ ਵਿੱਚ ਵਿਘਨ ਨਾ ਪਾਵੇ । ਸਵੇਰੇ ਅੰਮ੍ਰਿਤ ਵੇਲਾ ਹੀ ਆਦਰਸ਼ਕ ਸਮਾਂ ਹੈ । ਉਂਜ ਆਪਣੀ ਸੁਵਿਧਾ ਅਨੁਸਾਰ ਕੋਈ ਵੀ ਸਮਾਂ ਚੁਣਿਆ ਜਾ ਸਕਦਾ ਹੈ ।

ਕੀਰਤਨ ਜੇ ਆਪਣੇ ਆਪ ਬਿਨਾਂ ਕਿਸੇ ਅਧਿਆਪਕ ਦੀ ਸਹਾਇਤਾ ਤੋਂ ਸਿੱਖਣਾ ਹੈ ਤਾਂ ਕੋਲ ਚੰਗਾ ਹਰਮੋਨੀਅਮ ਹੋਣਾ ਜ਼ਰੂਰੀ ਹੈ । ਹਰਮੋਨੀਅਮ ਅਜਿਹਾ ਸਾਜ਼ ਹੈ ਜਿਸ ਦੇ ਸੁਰਾਂ ਦੀ ਆਵਾਜ਼ ਪਹਿਲਾਂ ਹੀ ਸੁਰ ਕੀਤੀ ਹੁੰਦੀ ਹੈ ਅਤੇ ਆਪਣੀ ਆਵਾਜ਼ ਨੂੰ ਇਸ ਦੇ ਸੁਰਾਂ ਦੀ ਆਵਾਜ਼ ਨਾਲ ਮਿਲਾ ਕੇ ਗਾਇਆ ਜਾ ਸਕਦਾ ਹੈ ।

ਪਹਿਲੇ ਦਿਨ ਅਸੀਂ ਸਹੂਲਤ ਦੇ ਤੌਰ ਤੇ ਰਾਗ ਭੈਰਵ ਵਿੱਚ ਸ਼ਬਦ ਸਿੱਖਣਾ ਸ਼ੁਰੂ ਕਰਾਂਗੇ । ਸੋ ਸਭ ਤੋਂ ਪਹਿਲਾਂ ਸਾਨੂੰ ਰਾਗ ਭੈਰਵ ਦੀਆਂ ਸੁਰਾਂ ਦਾ ਪਤਾ ਹੋਣਾ ਚਾਹੀਦਾ ਹੈ । ਇਸ ਰਾਗ ਵਿਚ ਰੇ ਅਤੇ ਧਾ ਕੋਮਲ ਸੁਰ ਲਗਦੇ ਹਨ ਤੇ ਬਾਕੀ ਸਾਰੇ ਸੁਰ ਸ਼ੁੱਧ ਲਗਦੇ ਹਨ । ਸਭ ਤੋਂ ਪਹਿਲਾਂ ਹਰਮੋਨੀਅਮ ਉਪਰ ਰਾਗ ਭੈਰਵ ਦੀ ਅਰੋਹ ਅਤੇ ਅਵਰੋਹ ਵਜਾਈ ਜਾਵੇ ।

*ਅਰੋਹ :* ਸਾ ਰੇ ਗ ਮਾ ਪਾ ਧੁ ਨੀ ਸਾਂ

*ਅਵਰੋਹ :* ਸਾਂ ਨੀ ਧੁ ਪਾ ਮਾ ਗਾ ਰੇ ਸਾ

ਇਹਨਾਂ ਸੁਰਾਂ ਨੂੰ ਲੈਅ ਵਿੱਚ ਵਜਾਉਣਾ ਹੈ । ਲੈਅ ਤੋਂ ਭਾਵ ਹਰ ਸੁਰ ਉੱਪਰ ਇਕੋ ਜਿੰਨਾ ਸਮਾਂ ਠਹਿਰਨਾ ਹੈ । ਅਸੀਂ ਹਰ ਸੁਰ ਉੱਪਰ ਇਕ ਸੈਕੰਡ ਠਹਿਰਨ ਦਾ ਸੁਝਾਅ ਦਿੰਦੇ ਹਾਂ ।

ਪਹਿਲਾਂ ਹਰਮੋਨੀਅਮ ਤੇ ਅਰੋਹ ਅਤੇ ਅਵਰੋਹ ਪੰਜ-ਪੰਜ ਵਾਰ ਲੈਅ ਵਿੱਚ ਵਜਾਉਣੀ ਹੈ । ਫਿਰ ਇਸ ਨਾਲ ਆਵਾਜ਼ ਮਿਲਾ ਕੇ ਉਸੇ ਤਰ੍ਹਾਂ ਗਾਉਣਾ ਹੈ । ਇਸ ਨੂੰ ਗਾਉਣ ਦੀ ਤਰਤੀਬ ਹੇਠ ਲਿਖੇ ਅਨੁਸਾਰ ਹੋਵੇਗੀ ।

(1) ਹਰਮੋਨੀਅਮ ਸਰਗਮ

(2) ਆਵਾਜ਼ ਸਰਗਮ

(3) ਹਰਮੋਨੀਅਮ ਸਰਗਮ

(4) ਆਵਾਜ਼-ਆਕਾਰ ਵਿੱਚ ਹਰਮੋਨੀਅਮ ਨਾਲ ਮਿਲਾਕੇ ਬੋਲਣਾ ਭਾਵ ਇਥੇ ਬੋਲਣ ਸਮੇ ਸਾ ਰੇ ਗਾ ਮਾ ਨਹੀਂ ਆਖਾਂਗੇ ਸਗੋਂ ਆ ਆ ਆ ਆ ਬੋਲਾਂਗੇ ।

ਇਹ ਸਾਰਾ ਸੈਟ ਪੰਜ ਵਾਰ ਕਰਨਾ ਹੈ । ਇਸ ਨਾਲ ਸਾਨੂੰ ਆਪਣੀ ਆਵਾਜ਼ ਨੂੰ ਹਰਮੋਨੀਅਮ ਦੀ ਆਵਾਜ਼ ਨਾਲ ਮਿਲਾਉਣ ਅਤੇ ਰਾਗ ਭੈਰਵ ਦੀਆਂ ਸੁਰਾਂ ਦੀ ਸਮਝ ਆ ਜਾਵੇਗੀ । ਇਹਨਾਂ ਸੁਰਾਂ ਨੂੰ ਹੋਰ ਪੱਕਾ ਕਰਨ ਲਈ ਹੇਠ ਲਿਖਿਆ ਸੁਰ-ਅਲੰਕਾਰ ਬੜੀ ਸਹਾਇਤਾ ਕਰੇਗਾ ।

ਸਾ
ਨ਼ੀ ਸਾ
ਨ਼ੀ ਸਾ ਰੇ̱ ਸਾ
ਨ਼ੀ ਸਾ ਰੇ̱ ਗਾ ਰੇ̱ ਸਾ
ਨ਼ੀ ਸਾ ਰੇ̱ ਗਾ ਮਾ ਗਾ ਰੇ̱ ਸਾ
ਨ਼ੀ ਸਾ ਰੇ̱ ਗਾ ਮਾ ਪਾ ਮਾ ਗਾ ਰੇ̱ ਸਾ
ਨ਼ੀ ਸਾ ਰੇ̱ ਗਾ ਮਾ ਪਾ ਧਾ̱ ਪਾਂ ਮ ਗਾ ਰੇ̱ ਸਾ
ਨ਼ੀ ਸਾ ਰੇ̱ ਗਾ ਮ ਪਾ ਧਾ̱ ਨੀ ਧਾ̱ ਪਾ ਮ ਗਾ ਰੇ̱ ਸਾ
ਨ਼ੀ ਸਾ ਰੇ̱ ਗਾ ਮ ਪਾ ਧਾ̱ ਨੀ ਸਾਂ ਨੀ ਧਾ̱ ਪਾ ਮਾ ਗਾ ਰੇ̱ ਸਾ

ਉਪਰੋਕਤ ਅਲੰਕਾਰ ਨੂੰ ਪਹਿਲਾਂ ਇੱਕ ਗੁਣ ਫਿਰ ਦੁਗਣ ਵਿੱਚ ਅਤੇ ਫਿਰ ਚੋਗੁਣ ਵਿੱਚ ਪੰਜ-ਪੰਜ ਵਾਰ ਗਾਉਣਾ ਚਾਹੀਦਾ ਹੈ ।

ਹੁਣ ਜਿਹੜੇ ਤਾਲ ਵਿੱਚ ਸ਼ਬਦ ਸਿੱਖਣਾ ਹੈ ਉਸ ਦਾ ਅਭਿਆਸ ਤਾਲੀ ਦੇ ਕੇ ਕਰਨਾ ਚਾਹੀਦਾ ਹੈ । ਗਾਉਣ ਵਾਲੇ ਨੂੰ ਤਾਲ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ । ਜੇ ਪਹਿਲਾਂ ਤਿੰਨ ਤਾਲ ਸਿੱਖਣਾ ਹੈ ਤਾਂ ਇਸ ਦੀ ਲੈਅ ਮਾਤਰਾ ਤਾਲੀ-ਖਾਲੀ ਵਿਭਾਗ ਆਦਿ ਨੂੰ ਮਨ ਵਿੱਚ ਬਿਠਾਉਣਾ ਪਵੇਗਾ । ਤਿੰਨ ਤਾਲ ਦੀਆਂ ਸੋਲਾਂ ਮਾਤਰਾਂ ਹਨ । ਇਸ ਦੇ ਚਾਰ-ਚਾਰ ਮਾਤਰਾਂ ਦੇ ਚਾਰ ਵਿਭਾਗ ਹਨ । ਪਹਿਲੀ ਮਾਤਰਾ ਉਤੇ ਸਮ ਅਤੇ ਪਹਿਲੀ ਤਾਲੀ, ਪੰਜਵੀਂ ਮਾਤਰਾ ਉਤੇ ਦੂਜੀ ਤਾਲੀ ਤੇ ਨੌਂਵੀ ਮਾਤਰਾ ਉਤੇ ਖਾਲੀ ਅਤੇ ਤੇਰਵੀਂ ਮਾਤਰਾ ਤੇ ਤੀਜੀ ਤਾਲੀ ਹੁੰਦੀ ਹੈ ।

## ਨਕਸ਼ਾ ਇਸ ਪ੍ਰਕਾਰ ਬਣਦਾ ਹੈ ।

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਤਾ | ਤਾ | ਤਿੰ | ਤਿੰ | ਧਾ | ਧਾ | ਧਿੰ | ਧਿੰ | ਧਾ |

ਇਥੇ ਸਿਖਿਆਰਥੀ ਤਾਲ ਦੇ ਬੋਲ ਵੀ ਬੋਲ ਸਕਦਾ ਹੈ ਤੇ ਇਕ ਦੋ ਤਿੰਨ ਚਾਰ ਅੰਕ ਵੀ ਬੋਲ ਸਕਦਾ ਹੈ । ਪਹਿਲਾਂ ਉਸਨੂੰ ਇਕ ਦੋ ਤਿੰਨ ਚਾਰ ਲੈਅ ਵਿੱਚ ਬੋਲਣੇ ਚਾਹੀਦੇ ਹਨ । ਇਥੇ ਲੈਅ ਦੀ ਚਾਲ ਇੱਕ ਸਕਿੰਟ ਵਿੱਚ ਦੋ ਮਾਤਰਾ ਦੀ ਹੋਣੀ ਚਾਹੀਦੀ ਹੈ । ਇਹ ਗਿਣਤੀ 16 ਤੱਕ ਇਕੋ ਲੈ ਵਿੱਚ 5 ਵਾਰ ਕਰੇ । ਫਿਰ 'ਇੱਕ' ਬੋਲਣ ਸਮੇਂ ਹੱਥ ਨਾਲ ਤਾਲੀ ਮਾਰੇ, ਪੰਜ ਬੋਲਣ ਸਮੇਂ ਤਾਲੀ ਮਾਰੇ ਤੇ ਨੌਂ ਬੋਲਣ ਸਮੇਂ ਹੱਥ ਨੂੰ ਸਿੱਧਾ ਕਰੇ ਫਿਰ ਤੇਰਾਂ ਬੋਲਣ ਸਮੇਂ ਤਾਲੀ ਮਾਰੇ ਫਿਰ ਇੱਕ ਬੋਲਣ ਸਮੇਂ ਤਾਲੀ । ਇਸ ਤਰ੍ਹਾਂ 5-6 ਵਾਰੀ ਕਰੇ । ਤਿੰਨ ਤਾਲ ਦੀਆਂ ਮਾਤਰਾਂ ਤਾਲੀ ਖਾਲੀ ਦਿਮਾਗ ਵਿੱਚ ਬੈਠ ਜਾਣਗੀਆਂ ।

ਆਓ ਹੁਣ ਅਸੀਂ ਪ੍ਰੋ. ਪਰਮਜੋਤ ਸਿੰਘ ਹੋਰਾਂ ਦੀ ਪੁਸਤਕ 'ਸਹਜ ਧੁਨ' ਵਿੱਚ ਦਿੱਤੀ ਭੈਰਵ ਰਾਗ ਦੀ ਬੰਦਸ਼ ਨੂੰ ਸਿਖਣ ਦੀ ਕੋਸ਼ਿਸ਼ ਕਰਦੇ ਹਾਂ :

## ਰਾਗ ਭੈਰਵ

### ਤਿੰਨ ਤਾਲ

ਸਥਾਈ - *ਜੀਵਤ ਜੀਵਤ ਜੀਵਤ ਰਹਹੁ ।*
*ਰਾਮ ਰਸਾਇਣੁ ਨਿਤ ਉਠਿ ਪੀਵਹੁ*

| | | | | | | | | | | | | | | | | |
|---|---|---|---|---|---|---|---|---|---|---|---|---|---|---|---|---|
| | 0 | | | | 3 | | | | x | | | | 2 | | | |
| (ੳ) | 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |
| (ਅ) | ਮ | ਮ | ਮ | ਮ | ਪ | ਪ | ਮ | ਪ | ਧੁ | ਧੁ | ਪ | ਮ | ਗ | ਰੁ | ਸ | - |
| (ੲ) | ਜੀ | s | ਵ | ਤ | ਜੀ | s | ਵ | ਤ | ਜੀ | ਵ | ਤ | ਰ | ਹ | ਹੁ | s | s |
| | ਪ | ਧੁ | ਨ | ਸਂ | ਰੁਂ | ਰੁ'ਰੁ' | ਸਂ | ਸਂ | ਸਂ | ਨ | ਧੁ | ਪ | ਮਪ | ਧੁਪ | ਮਗ | ਰੁਸ |
| | ਰਾ | s | ਮ | ਰ | ਸਾ | ਇਣ | ਨਿ | ਤ | ਉ | ਠ | ਪੀ | s | ਵਹੁ | ss | ss | ss |

### ਅੰਤਰਾ

*ਹਰਿ ਹਰਿ ਹਰਿ ਹਰਿ ਰਸਨਾ ਕਹਹੁ*

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ | ਮ | ਪ | ਪ | ਧੁ | ਧੁ | ਨ | ਨ | ਸਂ | ਸਂ | ਸਂ | ਸਂ | ਰੁਂ | ਰੁਂ | ਸਂ | ਸਂ |
| ਹ | ਰਿ | ਹ | ਰਿ | ਹ | ਰਿ | ਹ | ਰਿ | ਰ | ਸ | ਨਾ | ਕ | ਹ | ਹੁ | s | s |
| ਸਂ | ਰੁਂ | ਗਂ | ਮਂ | ਗਂ | ਰੁਂ | ਸਂ | ਸਂ | ਸਂ | ਨ | ਧੁ | ਪ | ਮਪ | ਧੁਪ | ਮਗ | ਰੁੇਸ |
| ਹ | ਰਿ | ਹ | ਰਿ | ਹ | ਰਿ | ਹ | ਰਿ | ਰ | ਸ | ਨਾ | ਕ | ਹਹੁ | ss | ss | ss |

ਇਸ ਰੀਤ ਨੂੰ ਪਹਿਲਾਂ ਦੱਸੇ ਜਾ ਚੁਕੇ ਨੁਕਤਿਆਂ ਦਾ ਅਭਿਆਸ ਕਰਨ ਉਪਰੰਤ ਹੇਠ ਲਿਖੇ ਪੜਾਵਾਂ ਅਨੁਸਾਰ ਸਿੱਖਿਆ ਜਾ ਸਕਦਾ ਹੈ ।

(1) ਇਹ ਰੀਤ ਤਿੰਨ ਤਾਲ ਦੀ ਨੌਵੀਂ ਮਾਤਰਾ ਤੋਂ ਸ਼ੁਰੂ ਹੋ ਰਹੀ ਹੈ । ਇਸ ਲਈ ਇਹ ਧਿਆਨ ਵਿਚ ਰੱਖਦਿਆਂ ਤਿੰਨ ਤਾਲ ਦੀਆਂ (ੳ) ਮਾਤਰਾਂ ਮੱਧ ਲੈਅ (ਇੱਕ ਸਕਿੰਟ ਵਿੱਚ ਦੋ ਮਾਤਰਾ) ਵਿੱਚ ਤਾਲੀ ਦੇ ਕੇ ਪੰਜ ਵਾਰੀਆਂ ਬੋਲੀਆਂ ਜਾਣ ।

(2) ਫਿਰ ਪੰਜ ਵਾਰ ਤਿੰਨ ਤਾਲ ਦੀ ਤਾਲ ਦਾ ਧਿਆਨ ਰਖਦਿਆਂ (ਅ) ਸਰਗਮ ਪੰਜ ਵਾਰ ਹਰਮੋਨੀਅਮ ਤੇ ਵਜਾਈ ਜਾਵੇ ।

(3) ਫਿਰ ਹਰਮੋਨੀਅਮ ਦੇ ਨਾਲ ਨਾਲ (ਅ) ਸਰਗਮ ਪੰਜ ਵਾਰ ਤਾਲ ਅਨੁਸਾਰ ਹੀ ਲੈਅ ਵਿੱਚ ਬੋਲੀ ਜਾਵੇ ।

(4) ਫਿਰ (ੲ) ਸ਼ਬਦ ਦੀ ਤੁਕ ਹਰਮੋਨੀਅਮ ਸਰਗਮ ਅਨੁਸਾਰ ਵਜਾਂਦਿਆਂ ਉਹਨਾਂ ਸੁਰਾਂ ਨਾਲ ਮਿਲਾ ਕੇ ਪੰਜ ਵਾਰ ਬੋਲੀ ਜਾਵੇ ।

(5) ਤਿੰਨ ਵਾਰ ਹਰਮੋਨੀਅਮ ਤੇ 2 ਵਾਲੀ ਕਿਰਿਆ ਕੀਤੀ ਜਾਵੇ ।

(6) ਤਿੰਨ ਵਾਰ ਨੰਬਰ 3 ਵਾਲੀ ਕਿਰਿਆ ਕੀਤੀ ਜਾਵੇਂ ।

(7) ਤਿੰਨ ਵਾਰ ਨੰਬਰ 4 ਵਾਲੀ ਕਿਰਿਆ ਕੀਤੀ ਜਾਵੇ ।

(8) ਦੋ ਵਾਰ ਨੰਬਰ 2 ਵਾਲੀ ਕਿਰਿਆ ਕੀਤੀ ਜਾਵੇ ।

(9) ਦੋ ਵਾਰ ਨੰਬਰ 3 ਵਾਲੀ ਕਿਰਿਆ ਕੀਤੀ ਜਾਵੇ ।

(10) ਦੋ ਵਾਰ ਨੰਬਰ 4 ਵਾਲੀ ਕਿਰਿਆ ਕੀਤੀ ਜਾਵੇ ।

(11) ਇੱਕ ਵਾਰ ਨੰਬਰ 2, ਇੱਕ ਵਾਰ ਨੰਬਰ 3 ਅਤੇ 1 ਵਾਰ ਨੰਬਰ 4 ਵਾਲੀ ਕਿਰਿਆ ਕੀਤੀ ਜਾਵੇ ।
ਨੰਬਰ 11 ਵਾਲੀ ਕਿਰਿਆ ਪੰਜ ਵਾਰ ਕੀਤੀ ਜਾਵੇ ।

ਇਸੇ ਤਰ੍ਹਾਂ ਸਥਾਈ ਦੀ ਅਗਲੀ ਤੁਕ ਅਤੇ ਅੰਤਰੇ ਨੂੰ ਸਿਖਿਆ ਜਾਵੇ ਫਿਰ ਸਥਾਈ 5 ਵਾਰ ਸਥਾਈ ਅੰਤਰਾ ਇਕੱਠੇ ਗਾਏ ਵਜਾਏ ਜਾਣ । ਸਤਿਗੁਰੂ ਮਿਹਰ ਕਰਨਗੇ । ਆਪ ਇਸ ਢੰਗ ਨਾਲ ਕੀਰਤਨ ਸਿੱਖਣ ਵਿੱਚ ਜ਼ਰੂਰ ਕਾਮਯਾਬ ਹੋਵੋਗੇ ।

## ਪੁਸਤਕ ਸਮੀਖਿਆ :

# ਸਹਜ ਧੁਨਿ ਬਾਰੇ

### (ਸ਼ਬਦ ਰੀਤ ਰਤਨਾਵਲੀ)

ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆ

ਨਾਮ : ਸਹਜ ਧੁਨਿ

ਪ੍ਰਕਾਸ਼ਕ : ਸਾਹਿਤ ਤੇ ਪ੍ਰਕਾਸ਼ਨ ਵਿਭਾਗ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, (ਅਕਤੂਬਰ 1997)

ਲੇਖਕ : ਪ੍ਰੋਫੈਸਰ ਪਰਮਜੋਤ ਸਿੰਘ

ਭੇਟਾ : 20/- ਰੁਪਏ ਪੰਨੇ : 62+10

ਪ੍ਰੋਫੈਸਰ ਪਰਮਜੋਤ ਸਿੰਘ, ਜੋ ਇਸ ਵੇਲੇ ਪੰਜਾਬ ਸਿੰਧ ਬੈਂਕ ਦੇ ਭਗਤੀ ਸੰਗੀਤ ਆਰਕਾਈਵਜ਼, ਗਰੀਨ ਪਾਰਕ ਜਲੰਧਰ ਦੇ ਮੈਨੇਜਰ ਹਨ, ਦੀ ਉਮਰ ਭਰ ਦੀ ਮਿਹਨਤ ਦਾ ਨਤੀਜਾ *"ਸਹਜ ਧੁਨਿ"* ਦੇ ਰੂਪ ਵਿਚ ਪਾਠਕਾਂ ਤੱਕ ਪੁੱਜ ਰਿਹਾ ਹੈ । *'ਸਹਜ ਧੁਨਿ'* ਇਕ ਛੋਟੀ ਜਿਹੀ ਪੁਸਤਕ ਹੈ । ਇਉਂ ਸਮਝ ਲਉ ਕੁੱਜੇ ਵਿਚ ਸਮੁੰਦਰ ਬੰਦ ਕੀਤਾ ਹੋਇਆ ਹੈ । ਇਉਂ ਕਹੀਏ ***ਸਹਜ ਧੁਨਿ*** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 (ਇਕੱਤੀ) ਰਾਗਾਂ ਦੀ ਸਿਖਲਾਈ ਲਈ ਨਿਰਧਾਰਿਤ ਰਾਗ ਪ੍ਰਣਾਲੀ ਦੇ ਪੰਧਾਊਆਂ ਲਈ ਮੁੱਢਲਾ ਪ੍ਰੇਰਨਾ ਸਰੋਤ ਹੈ । ਹਰ ਰਾਗ ਦੀ ਸੁਰ, ਥਾਟ, ਵਰਜਿਤ ਸੁਰ ਵੇਰਵਾ, ਜਾਤੀ, ਗਾਇਣ ਸਮਾਂ, ਵਾਦੀ ਸੰਵਾਦੀ, ਆਰੋਹ, ਅਵਰੋਹ ਵੇਰਵਾ, ਮੁਖ ਅੰਗ ਵੇਰਵਾ, ਲੈਅ ਤਾਲ ਅਤੇ ਵਿਸ਼ੇਸ਼ ਸੰਖੇਪ ਵਿਸਥਾਰ ਅਤੇ ਇਕ ਸ਼ਬਦ ਦੀ ਨੋਟੇਸ਼ਨ ਦਿੱਤੀ ਹੈ । ਇਸ ਤਰ੍ਹਾਂ *"ਸਹਜ ਧੁਨਿ"* ਦੀ ਸਹਾਇਤਾ ਨਾਲ ਹਰ ਕੀਰਤਨ ਸਿਖਿਆਰਥੀ ਘੱਟੋ ਘੱਟ 31 (ਇਕੱਤੀ) ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕੱਤੀ (31) ਸ਼ਬਦ ਗਾਉਣ ਦੀ ਜਾਚ ਸਿੱਖ ਸਕਦਾ ਹੈ । ਇਸ ਪੁਸਤਕ ਵਿਚ ਕੇਵਲ ਸ਼ਬਦ ਗਾਇਣ ਹੀ ਨਹੀਂ ਸਗੋਂ ਇਹ ਕੀਰਤਨ ਵਿਧੀ ਜਾਣਨ ਤੇ ਸਿਖਲਾਉਣ ਦੀ ਲੋੜ ਦੀ ਪੂਰਤੀ ਵੀ ਕਰਦੀ ਹੈ । ਨਾ ਹੀ ਇਹ ਪੁਸਤਕ ਆਮ ਪਾਠਕ ਲਈ ਲਿਖੀ ਗਈ ਹੈ ਅਤੇ ਨਾ ਹੀ ਉਹ ਇਸ ਦਾ ਆਨੰਦ ਮਾਣ ਸਕਣਗੇ ਪਰ ਜਿਨ੍ਹਾਂ ਅੰਦਰ ਜ਼ਰਾ ਵੀ ਰਾਗ ਵਿੱਦਿਆ ਦੀ ਸਮਝ ਦੀ ਚਿਣਗ ਹੈ ਉਹ ਇਸ ਰਾਹੀਂ ਲਾਭ ਉਠਾ ਕੇ ਸਾਧਾਰਨ ਪ੍ਰੇਮੀ ਨੂੰ ਨਿਰਧਾਰਿਤ ਰਾਗ ਰਾਹੀਂ ਪ੍ਰਸਤੁਤ ਗੁਰੂ ਸ਼ਬਦ ਨਾਲ ਜੋੜ ਸਕਣ ਦੀ ਸਮਰਥਾ ਪ੍ਰਾਪਤ ਕਰ ਲੈਣਗੇ । ਭਾਵੇਂ ਇਸ ਪੁਸਤਿਕਾ ਵਿਚ ਲੰਬੇ ਚੌੜੇ ਲੇਖ ਨਹੀਂ ਹਨ ਪਰ ਡਾਕਟਰ ਜਾਗੀਰ ਸਿੰਘ, ਸਿਰਮੌਰ ਕੀਰਤਨੀਏ ਗੁਰਮੁਖ ਪਿਆਰੇ, ਵਲੋਂ **"ਪਰੀਚੈ"** ਸਿਰਲੇਖ ਹੇਠ ਗੁਰਬਾਣੀ ਕੀਰਤਨ ਸਿਧਾਂਤ ਇਸ ਦੇ ਭਾਰਤੀ ਸੰਗੀਤ ਵਿਚ ਨਿਵੇਕਲੀ ਅਸਥਾਨ ਵੱਲ ਇਸ਼ਾਰਾ ਕਰਕੇ, ਬਿਨਾ ਕਹੇ, ਕੀਰਤਨ ਪ੍ਰੇਮੀਆਂ, ਭਾਰਤੀ ਰਾਗ ਵਿਦਿਆ ਖੋਜੀਆਂ ਨੂੰ ਪ੍ਰੇਰਨਾ ਦਿੱਤੀ ਹੈ ਕਿ ਗੁਰਬਾਣੀ ਕੀਰਤਨ ਪਦਿਤੀ ਦੇ ਨਿਵੇਕਲੇਪਣ ਨੂੰ ਭਾਰਤੀ ਸੰਗੀਤ ਦੇ ਅਨਿਖੜਵੇਂ ਅੰਗ ਦੇ ਤੌਰ ਤੇ ਪ੍ਰਚਾਰਨ ਅਤੇ ਸਾਂਭ ਸੰਭਾਲ ਕਰਨ ਦੀ ਲੋੜ ਹੈ ਜਿਸ ਦਾ ਉਪਰਾਲਾ ਕਰਨਾ ਚਾਹੀਦਾ ਹੈ ।

ਪ੍ਰੋਫੈਸਰ ਪਰਮਜੋਤ ਸਿੰਘ ਜੀ, ਵੀਹਵੀਂ ਸਦੀ ਦੇ ਸ਼੍ਰੋਮਣੀ ਅਤੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ, ਦੀ ਕੀਰਤਨ ਪਧਿਤੀ (ਰੀਤ) ਨੂੰ ਜੀਊਂਦੀ ਰੱਖਣ ਅਤੇ ਅੱਗੇ ਤੋਰਨ ਦਾ ਬੀੜਾ ਚੁਕੀ ਇਕ ਮਹਾਨ ਸ਼ਿਸ਼ ਦਾ ਕਰਤਵ ਨਿਭਾ ਰਹੇ ਹਨ । ਜਿੱਥੇ ਵੀ ਨਿਰਧਾਰਿਤ ਰਾਗਾਂ ਵਿਚ ਕੀਰਤਨ ਕਰਨ ਦੀ ਗੱਲ ਚਲਦੀ ਹੈ ਪ੍ਰੋਫੈਸਰ ਪਰਮਜੋਤ ਸਿੰਘ ਦਾ ਜ਼ਿਕਰ ਬੜੇ ਪਿਆਰ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ । ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਵਿਚ ਵਿਸ਼ੇਸ ਯੋਗਦਾਨ ਪਾਇਆ ਗਿਆ, ਪ੍ਰੋਫੈਸਰ ਪਰਮਜੋਤ ਸਿੰਘ ਇਸ ਦੇ ਡਾਇਰੈਕਟਰ ਥਾਪੇ ਗਏ ਅਤੇ ਇਨ੍ਹਾਂ ਲਈ ਭਾਈ ਸਮੁੰਦ ਸਿੰਘ ਜੀ ਨੂੰ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਨ ਦਾ ਇਕੋ ਇਕ ਉਸਾਰੂ ਢੰਗ ਇਹੋ ਸੀ ਕਿ ਪ੍ਰੋਫੈਸਰ ਸਾਹਿਬ *"ਸਹੰਜ ਧੁਨਿ"* ਰਾਹੀਂ ਗੁਰਮਤਿ ਰਾਗ ਵਿਦਿਆ ਦੇ ਸਿਖਿਆਰਥੀਆਂ ਲਈ ਨਿਰਧਾਰਿਤ ਰਾਗਾਂ ਦੀਆਂ ਸਹਿਜ ਅਤੇ ਸਰਲ ਧੁਨਾਂ ਦਾ ਇਹ ਅਨਮੋਲ ਖਜ਼ਾਨਾ ਉਨ੍ਹਾਂ ਦੇ ਅਰਪਣ ਕਰ ਦੇਣ । ਇਸ ਵਡਮੁੱਲੀ ਦਾਤ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਪ੍ਰੋਫੈਸਰ ਪਰਮਜੋਤ ਸਿੰਘ ਜੀ ਕੀਰਤਨ ਪ੍ਰੇਮੀਆਂ ਵਲੋਂ ਧੰਨਵਾਦ ਅਤੇ ਵਧਾਈ ਦੇ ਪਾਤਰ ਹਨ ।

ਅਸੀਂ ਇਹ ਸਿਫਾਰਸ਼ ਕਰਾਂਗੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੀਆਂ ਸਿੰਘ ਸਭਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੀਆ ਪ੍ਰਬੰਧਕ ਕਮੇਟੀਆਂ, ਸਾਰੇ ਖਾਲਸਾ ਕਾਲਜਾਂ ਅਤੇ ਖਾਲਸਾ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਇਸ ਪੁਸਤਕ ਦੀ ਘੱਟੋ ਘੱਟ ਇਕ ਕਾਪੀ ਖਰੀਦ ਕੇ ਆਪਣੇ ਰਾਗੀ ਜੱਥਿਆਂ ਅਤੇ ਗੁਰਮਤਿ ਸੰਗੀਤ ਵਿੱਦਿਆ ਦੇ ਸਿਖਿਆਰਥੀਆਂ ਦੀ ਅਗਵਾਈ ਲਈ ਦੇਣ ਅਤੇ ਹਦਾਇਤ ਕਰਨ ਕਿ ਘੱਟੋ ਘੱਟ ਰੋਜ਼ ਇਕ ਸ਼ਬਦ ਦਾ ਕੀਰਤਨ ਇਸ ਪੁਸਤਕ ਵਿਚ ਦਿੱਤੇ ਰਾਗ ਵਿਚ ਗਾਉਣ ਦਾ, ਨੇਮ ਬਣਾਇਆ ਜਾਵੇ ਤਾਂ ਕਿ ਨਿਰਧਾਰਿਤ ਰਾਗਾਂ ਤੇ ਕੀਰਤਨ ਕਰਨ ਤੇ ਸੁਣਨ ਦੀ ਪਿਰਤ ਤੋਰੀ ਜਾ ਸਕੇ ।

### *ਪੁਸਤਕ ਮਿਲਣ ਦੇ ਸਥਾਨ*

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ

ਪੰਜਾਬ ਸਿੰਧ ਬੈਂਕ ਕੀਰਤਨ ਅਕੈਡਮੀ
ਗ੍ਰੀਨ ਪਾਰਕ, ਜਲੰਧਰ

ਅੰਮ੍ਰਿਤ ਕੀਰਤਨ ਟ੍ਰਸਟ
422, ਸੈਕਟਰ 15-ਏ, ਚੰਡੀਗੜ੍ਹ-160 015

# ਪ੍ਰਸ਼ਨਾਵਲੀ - 11

ਪ੍ਰਸ਼ਨ 1. ਕਪੂਰਥਲਾ ਰਿਆਸਤ ਦੇ ਕਿਹੜੇ ਮੁਖ ਸੰਗੀਤਕਾਰ ਹੋਏ ਹਨ ?

ਪ੍ਰਸ਼ਨ 2. ਕੀਰਤਨ ਵਿੱਚ ਸਾਜ਼ਾਂ ਦਾ ਕੀ ਸਥਾਨ ਹੈ ?

ਪ੍ਰਸ਼ਨ 3. ਗੁਰੂ ਗ੍ਰੰਥ ਸਾਹਿਬ ਵਿਚ ਗਉੜੀ ਰਾਗ ਦੇ ਕਿਹੜੇ-ਕਿਹੜੇ ਪ੍ਰਕਾਰ ਪ੍ਰਯੋਗ ਹੋਏ ਹਨ ?

ਪ੍ਰਸ਼ਨ 4. ਸੱਜੇ ਅਤੇ ਖੱਬੇ ਤਬਲੇ ਨੂੰ ਮਿਲਾ ਕੇ ਵਜਾਉਣ ਨਾਲ ਕਿਹੜੇ ਕਿਹੜੇ ਬੋਲ ਬਣਦੇ ਹਨ ?

ਪ੍ਰਸ਼ਨ 5. ਰੂਪਕ ਤਾਲ ਦੀ ਸੁਰ ਲਿਪੀ ਖਾਲੀ, ਤਾਲੀ, ਮਾਤਰਾ, ਵਿਭਾਗ ਬੋਲਾਂ ਸਹਿਤ ਲਿਖੋ ?

## *ਪ੍ਰਸ਼ਨਾਵਲੀ - 10 ਦੇ ਉੱਤਰ*

ਪ੍ਰਸਨ 1. ਡਾ. ਹਰਿਭਜਨ ਸਿੰਘ ਨੇ 'ਗੁਰਮੁਖ' ਸ਼ਬਦ ਦੇ ਤਿੰਨ ਅਰਥ ਦੱਸੇ ਹਨ :

(1) ਗੁਰਬਾਣੀ (ਇਹ ਗੁਰੂ ਦੇ ਮੁਖ ਤੋਂ ਨਿਕਲਦੀ ਹੈ ।

(2) ਸਰੋਤਾ (ਇਹ ਗੁਰੂ ਦੇ ਮੁਖ ਵੱਲ ਇਕਾਗਰ ਹੈ ।

(3) ਗੁਰੂ ਦਾ ਮੁਖ ਅਰਥਾਤ ਗੁਰੂ ਖੁਦ ।

ਪ੍ਰਸ਼ਨ 2. ਰਾਗ ਟੋਡੀ ਰਾਗ ਗੁਜਰੀ

| | |
|---|---|
| ਸੰਵਾਦੀ = ਗੁ | ਸੰਵਾਦੀ = ਰੇ |
| ਜਾਤੀ = ਸੰਪੂਰਨ-ਸੰਪੂਰਨ | ਜਾਤੀ = ਸ਼ਾਡਵ-ਸ਼ਾਡਵ |
| ਪੰਚਮ ਲਗਦਾ ਹੈ | ਪੰਚਮ ਵਰਜਿਤ ਹੈ |
| ਤਾਲੀ | ਖਾਲੀ |

ਪ੍ਰਸ਼ਨ 3.

| | | | | | |
|---|---|---|---|---|---|
| x | | | 0 | | |
| | | ਮਾਤਰਾ | | | |
| 1 | 2 | 3 | 4 | 5 | 6 |
| ਧਾ | ਧਿੰ | ਨਾ | ਧਾ | ਤਿੰ | ਨਾ |

ਪ੍ਰਸ਼ਨ 4. ਟਕਸਾਲ ਦਾ ਆਮ ਅਰਥ ਤਾਂ ਰੁਪਏ ਪੈਸੇ ਘੜਨ ਦੀ ਥਾਂ ਹੈ ਪਰ ਗੁਰਮਤਿ ਸੰਗੀਤ ਵਿੱਚ ਇਹ ਸ਼ਬਦ ਉਹਨਾਂ ਵਿਦਿਆਲਿਆਂ ਲਈ ਪ੍ਰਯੋਗ ਹੁੰਦਾ ਹੈ ਜਿੱਥੇ ਗੁਰਮਤਿ ਪਰੰਪਰਾ ਅਤੇ ਮਰਿਯਾਦਾ ਅਧਾਰਤ ਕੀਰਤਨ ਸਿਖਾਇਆ ਜਾਂਦਾ ਹੈ ।

ਪ੍ਰਸ਼ਨ 5. ਉਸਤਾਦ ਜੋਗਿੰਦਰ ਸਿੰਘ ਯੋਗੀ ਨੇ ਸੱਤ ਸੁਰਾਂ ਦੇ ਹੇਠ ਲਿਖੇ ਅਰਥ ਕੀਤੇ ਹਨ ।

| | |
|---|---|
| ਸਾ = ਸਵਰ | ਪਾ = ਪਰਮੇਸ਼ਰ |
| ਰੇ = ਰਿਆਜ਼ | ਧਾ = ਧਿਆਨ |
| ਗਾ = ਗਿਆਨ | ਨੀ = ਨਿਰੰਤਰ |
| ਮਾ = ਮਿਹਰ | ਸਾਂ = ਸੰਗਤ |

*ਪ੍ਰਸ਼ਨਾਵਲੀ 9 ਅਤੇ 10 ਦੇ ਉੱਤਰ ਭੇਜਣ ਵਾਲੇ ਪਾਠਕਾਂ ਦੇ ਨਾਮ :*

1. ਗੁਰਨਾਮ ਸਿੰਘ
ਗੁਰੂ ਰਾਮੰਦਾਸ ਸੰਗੀਤ ਅਕੈਡਮੀ
ਮੋਗੀ ਨੰਦ, ਪਾਉਂਟਾ ਸਾਹਿਬ

2. ਸ੍ਰ. ਕਸ਼ਮੀਰ ਸਿੰਘ ਹੈਡਮਾਸਟਰ
ਲੇਨ-1-ਏ ਨਿਊ ਸਤਨਾਮ ਪੁਰਾ
ਫਗਵਾੜਾ

3. ਕੰਵਲਜੀਤ ਕੌਰ
ਅਕਾਲ ਗੁਰਮਤਿ ਸੰਗੀਤ ਵਿਦਿਆਲਾ
ਬੜੂ ਸਾਹਿਬ ਜ਼ਿਲ੍ਹਾ ਸਿਰਮੌਰ (ਹਿਮਾਚਲ)

4. ਸਤਪਾਲ ਕੌਰ
ਅਕਾਲ ਗੁਰਮਤਿ ਸੰਗੀਤ ਵਿਦਿਆਲਾ
ਬੜੂ ਸਾਹਿਬ ਜ਼ਿਲ੍ਹਾ ਸਿਰਮੌਰ

# ਉਸਤਾਦ ਅਲੀ ਅਕਬਰ ਖਾ ਨੂੰ ਅਮਰੀਕੀ ਪੁਰਸਕਾਰ

ਹਰਚਰਨ ਸਿੰਘ

ਵਿਸ਼ਵ ਪ੍ਰਸਿੱਧ ਸਰੋਦ ਵਾਦਕ ਉਸਤਾਦ ਅਲੀ ਅਕਬਰ ਖਾਂ ਨੂੰ 1997 ਦੇ ਅਮਰੀਕਾ ਦੇ ਪ੍ਰਤਿਸ਼ਠਾਵਾਨ 'ਨੈਸ਼ਨਲ ਹੈਰੀਟੇਜ ਅਵਾਰਡ' (ਰਾਸ਼ਟਰੀ ਪਰੰਪਰਾ ਪੁਰਸਕਾਰ) ਲਈ ਚੁਣਿਆ ਗਿਆ ਹੈ। ਉਨ੍ਹਾਂ ਦੇ ਇਸ ਸਨਮਾਨ ਨਾਲ ਸਮੂਹ ਭਾਰਤ ਵਾਸੀਆਂ ਦਾ ਵਿਸ਼ਵ ਭਰ ਵਿਚ ਮਾਣ ਵਧਿਆ ਹੈ। ਇਹ ਇਨਾਮ ਜਿਸ ਵਿਚ ਇੱਕ ਹਜ਼ਾਰ ਡਾਲਰ ਦੀ ਰਾਸ਼ੀ ਵੀ ਸ਼ਾਮਿਲ ਹੈ, ਅਮਰੀਕਾ ਵਿਚ ਲਲਿਤ ਕਲਾਵਾਂ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਸਭ ਤੋਂ ਉਘਾ ਪੁਰਸਕਾਰ ਮੰਨਿਆ ਜਾਂਦਾ ਹੈ।

ਉਸਤਾਦ ਅਲੀ ਅਕਬਰ ਖਾਂ ਸਾਹਿਬ ਦੀ ਵੰਸ਼ ਪਰੰਪਰਾ ਇਤਿਹਾਸਿਕ ਸੰਗੀਤਕਾਰ ਉਸਤਾਦ ਤਾਨਸੇਨ ਤੋਂ ਆਰੰਭ ਹੁੰਦੀ ਹੈ। ਆਪ ਨੇ ਸਰੋਦ ਵਾਦਨ ਦੀ ਸਿੱਖਿਆ ਆਪਣੇ ਸਮੇਂ ਦੇ ਪ੍ਰਖਿਆਤ ਸੰਗੀਤਕਾਰ ਅਤੇ ਆਪਣੇ ਪਿਤਾ ਉਸਤਾਦ ਅਲਾਉਦੀਨ ਖਾਂ ਸਾਹਿਬ, ਜੋ ਕਿ ਮੈਹਰ ਘਰਾਨੇ ਦੇ ਮੁਖੀ ਸਨ, ਤੋਂ ਪ੍ਰਾਪਤ ਕੀਤੀ। ਆਪ ਦਾ ਜਨਮ 1922 ਵਿਚ ਹੁਣ ਦੇ ਬੰਗਲਦੇਸ਼ ਦੇ ਇਕ ਛੋਟੇ ਜਿਹੇ ਪਿੰਡ, ਸ਼ਿਵਪੁਰ ਵਿਚ ਹੋਇਆ, ਸੋ ਮੂਲ ਰੂਪ ਵਿਚ ਆਪ ਬੰਗਾਲੀ ਹਨ। ਆਪ ਦੇ ਪਿਤਾ ਉੱਤਰ ਪ੍ਰਦੇਸ਼ ਦੇ ਮੈਹਰ ਨਾਂ ਦੇ ਕਸਬੇ ਵਿਚ ਮੈਹਰ ਦੇ ਰਾਜੇ ਦੇ ਸੱਦਾ ਪੱਤਰ 'ਤੇ ਆ ਕੇ ਵੱਸ ਗਏ। ਇੱਥੇ ਹੀ ਖਾਂ ਸਾਹਿਬ ਦੀ ਮੁੱਢਲੀ ਸਿੱਖਿਆ ਆਰੰਭ ਹੋਈ। ਇੱਥੇ ਹੀ ਪ੍ਰਸਿੱਧ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਵੀ ਆਪ ਦੇ ਗੁਰੂ-ਭਾਈ ਬਣੇ।

ਅਤਿ ਦੇ ਪ੍ਰਤਿਭਾਵਾਨ ਅਤੇ ਕਲਾਧਾਰੀ ਪੁਰਸ਼ ਉਸਤਾਦ ਅਲਾਉਦੀਨ ਖਾਂ ਸਾਹਿਬ ਅਧੀਨ ਆਪ ਦੀ ਸਿੱਖਿਆ ਬੜੀ ਹੀ ਕਠਿਨਤਾ ਪੂਰਨ ਸੀ ਕਿਉਂਕਿ ਪਿਤਾ ਅਤੇ ਗੁਰੂ ਦੇ ਹੁਕਮ ਅਨੁਸਾਰ ਰੋਜ਼ਾਨਾ 18 ਘੰਟਿਆਂ ਦਾ ਰਿਆਜ਼ ਲਾਜ਼ਮੀ ਸੀ 'ਤੇ ਜ਼ਰਾ ਵੀ ਗਲਤ ਸੁਰ ਲੱਗ ਜਾਣ ਨਾਲ ਸਜ਼ਾ ਮਿਲਦੀ ਸੀ। ਆਪ ਨੇ ਆਪਣਾ ਸਰਵ ਪ੍ਰਥਮ ਸਰੋਦ ਵਾਦਨ 13 ਸਾਲ ਦੀ ਉਮਰ ਵਿਚ ਸਰਵ ਭਾਰਤੀ ਸੰਗੀਤ ਕਾਨਫਰੰਸ, ਅਲਾਹਾਬਾਦ ਵਿਖੇ ਪੇਸ਼ ਕਰ ਕੇ ਆਪਣੀ ਅਦਭੁਤ ਕਲਾ ਦਾ ਪਰੀਚੈ ਦਿੱਤਾ। ਪਰੰਤੂ ਜਦੋਂ ਆਪ ਨੂੰ ਆਪਣੇ ਪਿਤਾ ਵੱਲੋਂ ਚਿੱਲਾ ਕਰਨ ਦਾ ਆਦੇਸ਼ ਦਿੱਤਾ ਗਿਆ (ਜਿਸ ਵਿਚ ਇਕ ਸਿਖਿਆਰਥੀ ਨੂੰ ਕੇਵਲ ਆਪਣੇ ਸਾਜ਼ਾਂ ਸਮੇਤ ਕਮਰੇ ਵਿਚ ਬੰਦ ਕਰ ਦਿੱਤਾ ਜਾਂਦਾ ਹੈ) ਤਾਂ ਆਪ ਜੀ ਭੈ ਦੇ ਮਾਰੇ ਖਾਲੀ ਜੇਬ ਘਰੋਂ ਨਿਕਲ ਗਏ ਤੇ ਬੰਬਈ ਜਾ ਪੁੱਜੇ ਜਿੱਥੇ ਆਪਣੀ ਉਚ ਤਾਲੀਮ ਅਤੇ ਕਲਾ ਕਾਰਨ ਆਪ ਨੂੰ ਆਲ ਇੰਡੀਆ ਰੇਡੀਉ ਵਿੱਚ ਨੌਕਰੀ ਮਿਲ ਗਈ। ਪਰੰਤੂ ਕੁਝ ਦਿਨਾਂ ਮਗਰੋਂ ਰੇਡੀਉ 'ਤੇ ਆਪ ਦੇ ਸਰੋਦ ਵਾਦਨ ਨੂੰ ਸੁਣਦਿਆਂ ਹੀ ਮੈਹਰ ਦੇ ਰਾਜੇ ਨੇ ਆਪ ਦੀਆਂ ਸੁਰਾਂ ਨੂੰ ਪਛਾਣ ਲਿਆ ਤੇ ਸ਼ੀਘਰ ਹੀ ਆਪ ਨੂੰ ਮੈਹਰ ਵਾਪਸ ਪਰਤਣ ਦਾ ਆਦੇਸ਼ ਜਾਰੀ ਹੋ ਗਿਆ।

ਮੈਹਰ ਵਾਪਸ ਪੁੱਜਣ ਤੇ ਆਪ ਦੇ ਪਿਤਾ ਨੇ ਦੋ ਮਹੀਨੇ ਆਪ ਨਾਲ ਕੋਈ ਗੱਲ ਨਹੀਂ ਕੀਤੀ ਪਰ ਉਸ ਮਗਰੋਂ ਫਿਰ ਪਹਿਲਾਂ ਵਾਂਗ ਕਠਿਨ ਅਭਿਆਸ ਆਰੰਭ ਹੋ ਗਿਆ। ਕੁਝ ਸਮੇਂ ਮਗਰੋਂ ਜੋਧਪੁਰ ਦੇ ਮਹਾਰਾਜੇ, ਹਨੂਮਾਨ ਸਿੰਘ ਨੇ ਆਪ ਦੀ ਕਲਾ ਨੂੰ ਪਰਖਦਿਆਂ ਆਪ ਨੂੰ ਜੋਧਪੁਰ ਦਰਬਾਰ ਵਿੱਚ ਦਰਬਾਰੀ ਸੰਗੀਤਕਾਰ ਨਿਯੁਕਤ ਕਰ ਦਿੱਤਾ ਅਤੇ ਆਪ ਨੂੰ 1500 ਰੁਪਏ ਤਨਖਾਹ, ਆਲੀਸ਼ਾਨ ਰਿਹਾਇਸ਼ ਅਤੇ ਡਰਾਈਵਰ ਸਮੇਤ ਗੱਡੀ ਵੀ ਮੁਹੱਈਆ ਕੀਤੀ ਗਈ।

ਇਸ ਤੋਂ ਬਾਦ ਦਾ ਸਮਾਂ ਤਾਂ ਇਤਿਹਾਸ ਦਾ ਸੁਨਹਿਰੀ ਪੰਨਾ ਹੈ। ਆਪ ਨੇ ਦੇਸ਼ ਅਤੇ ਵਿਦੇਸ਼ ਦੇ ਹਰ ਕੋਨੇ ਵਿਚ ਆਪਣੇ ਸੁਰੀਲੇ ਸਰੋਦ ਵਾਦਨ ਨਾਲ ਸੰਗੀਤ ਪ੍ਰੇਮੀਆਂ ਦਾ ਮਨ ਮੋਹ ਲਿਆ। ਆਪ ਨੇ ਜਦੋਂ ਵੀ ਪੰਡਿਤ ਰਵੀ ਸ਼ੰਕਰ ਨਾਲ ਸਿਤਾਰ ਤੇ ਸਰੋਦ ਦੀ ਜੁਗਲਬੰਦੀ ਪੇਸ਼ ਕੀਤੀ ਉਹ ਹਮੇਸ਼ਾਂ ਕਾਮਯਾਬ ਰਹੀ ਅਤੇ ਸੰਗੀਤ ਪ੍ਰੇਮੀਆਂ ਦੇ ਹਿਰਦੇ ਵਿਚ ਹੁਣ ਵੀ ਯਾਦਗਾਰੀ ਹੈ। ਆਪ ਨੇ ਪ੍ਰਸਿੱਧ ਸ਼ਹਿਨਾਈ ਵਾਦਕ ਉਸਤਾਦ ਬਿਸਮਿਲਾ ਖਾਂ ਅਤੇ ਵਾਇਲਨ ਵਾਦਕ ਪੰਡਿਤ ਵੀ.ਜੀ.ਜੋਗ ਨਾਲ ਜੁਗਲਬੰਦੀਆਂ ਪੇਸ਼ ਕਰਨ ਤੋਂ ਇਲਾਵਾ ਵਿਦੇਸ਼ਾਂ ਦੇ ਪੱਛਮੀ ਸੰਗੀਤ ਕਲਾਕਾਰਾਂ, ਵਿਸ਼ੇਸ਼ ਕਰ ਯਹੂਦੀ ਮੈਨੂਹਿਨ, ਨਾਲ ਵੀ ਕਈ ਅੰਤਰਰਾਸ਼ਟਰੀ ਸਮਾਰੋਹਾਂ ਵਿਚ ਭਾਗ ਲਿਆ। ਆਪ ਦੇ ਅਣਗਿਣਤ ਰਿਕਾਰਡ ਅਤੇ ਕੈਸਟਾਂ ਮਾਰਕੀਟ ਵਿਚ ਉਪਲੱਬਧ ਹਨ।

ਆਪ ਜੀ ਦੀ ਬੈਠਕ ਸਟੇਜ 'ਤੇ ਸੁਰਗਵਾਸੀ ਤਬਲਾ ਵਾਦਕ ਉਸਤਾਦ ਅਹਿਮਦ ਜਾਨ ਥਿਰਕਵਾ, ਪੰਡਿਤ ਸ਼ਾਮਤਾ ਪ੍ਰਸਾਦ ਅਤੇ ਪੰਡਿਤ ਚਤੁਰ ਨਾਲ ਖੂਬ ਜੰਮਦੀ ਸੀ। ਕਈ ਸਾਲ ਆਪ ਜੀ ਨਾਲ ਕੇਵਲ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਸੰਗਤ ਕਰਦੇ ਰਹੇ। ਹੁਣ ਵੀ ਜਦੋਂ ਆਪ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਜਾਂ ਪੰਡਿਤ ਕਿਸ਼ਨ ਮਹਾਰਾਜ ਨਾਲ ਸਟੇਜ ਤੇ ਆਉਂਦੇ ਹਨ ਤਾਂ ਉਹ ਸ਼ਾਮ ਯਾਦਗਾਰੀ ਹੋ ਨਿਬੜਦੀ ਹੈ। ਆਪ ਨੇ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਦੇ ਹੋਣਹਾਰ ਸਪੁੱਤਰ ਨੂੰ ਛੋਟੀ ਉਮਰ ਵਿਚ ਆਪਣੇ ਨਾਲ ਤਬਲੇ ਦੀ ਸੰਗਤ ਦਾ ਅਵਸਰ ਦੇ ਕੇ ਬਹੁਤ ਉਤਸ਼ਾਹ ਦਿੱਤਾ। ਪਰ ਸਭ ਤੋਂ ਵੱਧ ਸਹਿਯੋਗ ਆਪ ਨੇ ਕਲਕੱਤੇ ਦੇ ਨੌਜਵਾਨ ਤਬਲਾ ਵਾਦਕ ਸ੍ਵਪਨ ਚੌਧਰੀ ਨੂੰ ਦਿੱਤਾ ਜਿਸ ਨੂੰ, ਉਸ ਦੀ 25 ਸਾਲ ਦੀ ਉਮਰ ਵਿਚ ਹੀ, ਉਸ ਦੀ ਅਨੋਖੀ ਕਲਾਕਾਰੀ ਵਜੋਂ ਆਪ ਜੀ ਆਪਣੇ ਨਾਲ ਅਮਰੀਕਾ ਲੈ ਗਏ ਅਤੇ ਕੈਲੀਫੋਰਨੀਆ ਸਥਿਤ ਆਪਣੀ ਸੰਗੀਤ ਸੰਸਥਾ 'ਅਲੀ ਅਕਬਰ ਖਾਂ ਕਾਲਿਜ ਆਫ ਮਿਊਜ਼ਿਕ' ਵਿਚ ਤਬਲੇ ਦਾ ਪ੍ਰੋਫੈਸਰ ਬਣਾ ਕੇ ਸਨਮਾਨ ਬਖ਼ਸ਼ਿਆ।

ਆਪ ਦੀ ਸਿਰਜਣਾਤਮਕ ਰੁਚੀ ਨੇ ਕਈ ਨਵੇਂ ਰਾਗਾਂ ਜਿਵੇਂ ਕਿ- ਚੰਦਰਨੰਦਨ, ਹਿੰਡੋਹੇਮ, ਮੇਘ ਸਾਰੰਗ, ਗੌੜੀ ਮੰਜਰੀ, ਆਲਮ ਗਿਰੀ, ਨੰਦਨੀ, ਆਲਮ ਭੈਰਵ, ਲਾਜਵੰਤੀ, ਚੰਦਰਮੁਖੀ ਆਦਿ ਨੂੰ ਜਨਮ ਦਿੱਤਾ। ਆਪ ਨੇ ਲੱਗਭਗ 60-70 ਹਿੰਦੀ 'ਤੇ ਬੰਗਾਲੀ ਫਿਲਮਾਂ ਵਿਚ ਸੰਗੀਤ ਵੀ ਦਿੱਤਾ। ਆਪ ਨੂੰ ਭਾਰਤ ਸਰਕਾਰ ਨੇ ਪਦਮ ਭੂਸ਼ਨ ਅਤੇ ਪਦਮ ਵਿਭੂਸ਼ਨ ਪਦਵੀਆਂ ਨਾਲ ਸਨਮਾਨਿਤ ਕੀਤਾ ਅਤੇ ਕਾਲੀਦਾਸ ਸਨਮਾਨ ਸਮੇਤ ਹੋਰ ਵੀ ਅਨੇਕਾਂ ਪੁਰਸਕਾਰ ਆਪ ਨੇ ਪ੍ਰਾਪਤ ਕੀਤੇ।

ਅਜਕਲ੍ਹ ਵਿਚ ਕੈਲੀਫੋਰਨੀਆ, ਅਮਰੀਕਾ ਨੂੰ ਹੀ ਆਪ ਨੇ ਆਪਣਾ ਸਥਾਈ ਨਿਵਾਸ ਅਸਥਾਨ ਬਣਾਇਆ ਹੋਇਆ ਹੈ ਭਾਵੇਂ ਕਿ ਕਲਕੱਤੇ ਦੇ ਦੱਖਣੀ ਇਲਾਕੇ ਰਾਸ਼ ਬਿਹਾਰੀ ਐਵਿਨਿਊ ਵਿਖੇ ਆਪ ਦਾ ਪੈਤ੍ਰਿਕ ਨਿਵਾਸ ਅਸਥਾਨ ਹੈ। ਆਪ ਕੇਵਲ ਸਿਆਲ ਦੇ ਦਿਨਾਂ ਵਿਚ ਚਾਰ 'ਕੁ ਮਹੀਨਿਆਂ ਲਈ ਹਿੰਦੁਸਤਾਨ ਆਉਂਦੇ ਹਨ ਅਤੇ ਆਪਣੇ ਸੰਗੀਤ ਪ੍ਰੇਮੀਆਂ ਨੂੰ ਸਰੋਦ ਵਾਦਨ ਦੁਆਰਾ ਨਿਵਾਜਦੇ ਹਨ। ਉਸਤਾਦ ਅਲੀ ਅਕਬਰ ਖਾਂ ਸਾਹਿਬ ਪਹਿਲੇ ਹਿੰਦੁਸਤਾਨੀ ਸੰਗੀਤਕਾਰ ਹਨ ਜਿਨ੍ਹਾਂ ਨੂੰ ਅਮਰੀਕਾ ਦੇ ਰਾਸ਼ਟਰਪਤੀ ਨਿਵਾਸ, ਵਾਈਟ ਹਾਊਸ ਵਿਚ ਉਸ ਦੇਸ ਦੇ ਸਭ ਤੋਂ ਗੌਰਵਮਈ ਅਤੇ ਪ੍ਰਤਿਸ਼ਠਾਵਾਨ ਸਨਮਾਨ ਨਾਲ 23 ਸਤੰਬਰ 1997 ਨੂੰ ਪੁਰਸਕਾਰਿਤ ਕੀਤਾ ਗਿਆ।

# ਮਰਦਾਨੇ ਦੀ ਯਾਦ

ਹਰਚੰਦ ਸਿੰਘ 'ਕਲੇਰ' ਸਰਹੰਦ

ਆ ਮਰਦਾਨਿਆਂ ਕਿੱਥੇ ਜਾ ਵੱਸਿਆਂ ਏਂ,
ਬੜੇ ਚਿਰਾਂ ਤੋਂ ਤੇਰੀ ਏ ਭਾਲ ਮੈਨੂੰ ।
ਜੀਹਨੇ ਕਿੰਨੇ ਹੀ ਨਾਗਾਂ ਨੂੰ ਕੀਲਿਆ ਸੀ,
ਉਸ ਰਬਾਬ ਦਾ ਜਾਦੂ ਵਿਖਾਲ ਮੈਨੂੰ ।।
ਤੂੰ ਅਤੇ ਤੇਰੀ ਰਬਾਬ ਰਲ ਕੇ,
ਕੋਈ ਨਸ਼ਾ ਜਿਹਾ ਫਿਜ਼ਾ 'ਚ ਘੋਲਿਆ ਸੀ ।
ਕੀਰਤਨ ਵਿੱਚ ਸੀ ਕਰਾਮਾਤ ਕੋਈ,
ਜੀਹਨੇ ਨਾਨਕ ਨਿਰੰਕਾਰੀ ਨੂੰ ਮੋਹ ਲਿਆ ਸੀ ।।
ਕਿਸੇ ਬਿਰਛ ਦੀ ਛਾਂ ਦੇ ਹੇਠ ਬਹਿਕੇ,
ਰੱਬੀ ਪਿਆਰ ਵਿੱਚ ਤਾਰ ਟੁਣਕਾ ਦਿੱਤੀ ।
ਕੌੜਾ ਰੀਠਾ ਭੀ ਰਿਹਾ ਨਾ ਮੂਲ ਕੌੜਾ,
ਪਾਣ ਅੰਮ੍ਰਿਤ ਦੀ ਐਸੀ ਚੜ੍ਹਾ ਦਿੱਤੀ ।।
ਕੀ ਦੱਸਾਂ ਰਬਾਬ ਦਾ ਬਾਣ ਤੇਰਾ,
ਕਿਸ ਕਿਸ ਥਾਂ ਤੇ ਜਾ ਕੇ ਲੱਗਿਆ ਸੀ ।
ਜਿਸ ਰੰਗ ਨੇ ਕਈਆਂ ਨੂੰ ਰੰਗਿਆ ਸੀ,
ਉਸ ਰੰਗ ਨੂੰ ਇਸ ਨੇ ਰੰਗਿਆ ਸੀ ।।
ਆ ਫਿਰ ਛੇੜ ਦੇ ਆ ਕੇ ਰਾਗ ਓਹੋ,
ਜਿਹੜਾ ਬਾਬਰ ਦੀ ਜੇਲ੍ਹ ਵਿੱਚ ਛੇੜਿਆ ਸੀ ।
ਜੀਹਨੇ ਮਦਰਾ ਦੇ ਨਸ਼ੇ 'ਚ ਮਸਤ ਹੋਏ,
ਬਾਬਰ ਸ਼ਾਹ ਨੂੰ ਨੀਂਦੋਂ ਉਘੇੜਿਆ ਸੀ ।।
ਰਹੀ ਕਿਸੇ ਨੂੰ ਸੁਰਤ ਨਾ ਦਾਣਿਆਂ ਦੀ,
ਹਰ ਕੋਈ ਚੱਕੀ ਦਾ ਧਿਆਨ ਭੁਲਾ ਬੈਠਾ ।
ਬਾਬਾ ਨਾਨਕ ਦੇ ਸਾਹਮਣੇ ਇਉਂ ਬੈਠੇ,
ਉਨ੍ਹਾਂ ਅੱਗੇ ਜਿਉਂ ਆਪ ਖ਼ੁਦਾਅ ਬੈਠਾ ।।
ਅੱਜ ਦੇ ਯੁਗ ਵਿੱਚ ਸਾਜ਼ਾਂ ਦੀ ਘਾਟ ਕੋਈ ਨਹੀਂ,
ਤੂੰਬੀ, ਵਾਇਲਨ, ਸਿਤਾਰ ਪਈ ਵੱਜਦੀ ਏ ।
ਪਰ ਸੁਣਕੇ ਰਾਗ ਇਹ ਤ੍ਰਿਸ਼ਨਾ ਪਈ ਭੜਕਦੀ ਏ,
ਭੁੱਖੀ ਰੂਹ ਨਾ ਏਸ ਤੋਂ ਰੱਜਦੀ ਏ ।।
ਏਸੇ ਲਈ 'ਕਲੇਰ' ਦਾ ਭਟਕਦਾ ਮਨ,
ਮੁੜ ਮੁੜ ਕੇ ਕਰੇ ਸਵਾਲ ਤੈਨੂੰ ।
ਆ ਮਰਦਾਨਿਆਂ ਕਿੱਥੇ ਜਾ ਵੱਸਿਆਂ ਏਂ,
ਬੜੇ ਚਿਰਾ ਤੋਂ ਤੇਰੀ ਏ ਭਾਲ ਮੈਨੂੰ ।।

# ਰਾਗ ਦਰਬਾਰੀ ਕਾਨੜਾ ।

ਰਣਧੀਰ ਸਿੰਘ "ਖਾਲਸਾ"

ਥਾਟ = ਆਸਾਵਰੀ ਵਾਦੀ = ਰੇ । ਸੰਵਾਦੀ = ਪ ਜਾਤੀ = ਵਕਰ ਸੰਪੂਰਨ ।

ਆਰੋਹ = ਸਾ ਰੇ (ਮ)ਗੁ ਮ ਰੇ ਸਾ, ਸ ਪ, (ਨਿ)ਧੁ ਨਿ ਸਾਂ । ਅਵਰੋਹ = ਸਾਂ ਧੁ s ਨਿ ਪ, ਮ ਪ, (ਮ)ਗੁ ਮ ਰੇ ਸਾ ।

## ਆਲਾਪ

(1) ਸਾ s s ਨਿ਼ s ਸਾ s ਰੇ s ਧ਼ੁ s s ਨਿ਼ ss ਪ਼ ਮ਼ ਪ਼ s ਧ਼ੁ ss
ਨਿ਼ s ਸਾ ਰੇ s s, ਸਾ s ਰੇ s ਗੁ ss, ਮ s s ਰੇ ss ਸਾ s s s

(2) ਮ s ਪ s ਧੁ ss ਨਿ ss ਸਾਂ ss ਰੇਂ s ਸਾਂ ss ਰੇਂ s ਗੁਂ s s s
ਸਂ s ਰੇਂ s ਸਾਂ s s s ।

(3) ਨਿ s ਸਾਂ ਰੇਂ s s ਧੁ s s ਨਿ s s ਪ s ਮ s ਪ s ਸਾਂ s s
ਪ ਗੁ s s ਮ s ਰੇ s ਸਾ s s s ॥

*ਤੁਮ ਹੋ ਸਭ ਰਾਜਨ ਕੇ ਰਾਜਾ, ਆਪੇ ਆਪੁ ਗਰੀਬ ਨਿਵਾਜਾ ।*
*ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ, ਹਾਰ ਪਰਾ ਮੈ ਆਨ ਦੁਆਰ ਤੁਹਿ ।*
*ਅਪਨਾ ਜਾਨ ਕਰੋ ਪ੍ਰਤਿਪਾਰਾ, ਤੁਮ ਸਾਹਿਬੁ ਮੈ ਕਿੰਕਰੁ ਥਾਰਾ ।*
*ਦਾਸ ਜਾਨ ਦੈ ਹਾਥ ਉਬਾਰੋ, ਹਮਰੇ ਸਭ ਬੈਰੀਅਨ ਸੰਘਾਰੋ ।*

### *ਰਾਗ = ਦਰਬਾਰੀ ਕਾਨੜਾ (ਮੱਧ ਲੈਅ ਤੀਨ ਤਾਲ)*

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |

#### ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਗੁ | ਗੁ | ਰੇ | ਸਾ | ਰੇ | ਰੇ | ਮ | - | ਪ਼ | ਸਂ | ਪ | ਸਾਂ |
| | | | | ਤੁ | ਮ | ਹੋ | s | ਸ | ਭ | ਰਾ | s | ਜ | ਨ | ਕੇ | s |
| ਧੁ | - | ਪ | - | * | * | ਪ | ਰੇਂ | ਗੁਂ | - | ਸਾਂ | ਸਾਂ | ਸਾਂ | ਨਿ | ਰੇਂ | ਸਾਂ |
| ਰਾ | s | ਜਾ | s | * | * | ਆ | ਪੇ | ਆ | s | ਪ | ਗ | ਰੀ | s | ਬ | ਨਿ |
| ਧੁ | - | ਪ | - | | | | | | | | | | | | |
| ਵਾ | s | ਜਾ | s | | | | | | | | | | | | |

#### ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | ਮ | - | ਪ | ਪ | ਨਿ | ਧੁ | ਨਿ | ਨਿ | ਸਾਂ | ਸਾਂ | - | ਸਾਂ |
| | | | | ਦਾ | s | ਸ | ਜਾ | s | ਨ | ਕ | ਰ | ਕ੍ਰਿ | ਪਾ | s | ਕ |
| ਰੇਂ | ਨਿ | ਸਾਂ | ਸਾਂ | ਪ | ਰੇਂ | ਰੇਂ | ਗੁਂ | ਸਾਂ | ਸਾਂ | ਸਾਂ | ਸਾਂ | ਸਾਂ | ਨਿ | ਰੇਂ | ਸਾਂ |
| ਰ | ਹੁ | ਮੁ | ਹਿ | ਹਾ | s | ਰ | ਪ | ਰਾ | s | ਮੈ | s | ਆ | s | ਨਿ | ਦੁ |
| ਧੁ | ਧੁ | ਪ | ਪ | | | | | | | | | | | | |
| ਆ | ਰ | ਤੁ | ਹਿ | | | | | | | | | | | | |